# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

ਦਸਮੇਸ਼ ਜੀ ਦੇ ਮਹਾਨ ਕਾਰਜਾਂ ਵਿਚੋਂ ਇਕ ਕਾਰਜ ਦੁਸ਼ਟ ਪਛਾੜਨ ਲਈ ਕਈ ਜੁੱਧ ਹਨ ।

**ਜੁੱਧ-ਕਾਂਡ ਭੰਗਾਣੀ ਤੋਂ ਅਰੰਭ ਹੋ ਕੇ ਮੁਕਤਸਰ ਸਾਹਿਬ ਜਾ ਸਮਾਪਤ ਹੋਇਆ**

ਜੁਲਾਈ ੧੯੭੪



JULY 1974

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ **3/70-68-21** (ਅ.ਪ.) ਮਿਤੀ **17-10-68** ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਧਰਮਸਾਲ ਦੀ ਝਾਕ | ਭਾਈ ਸਾਹਿਬ ਗੁਰਦਾਸ ਜੀ | ੧ |
| ਅਕਾਲ ਪੁਰਖ ਦਾ ਦਰਸ ਮਿਲਾਪ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਕਲਜੁਗ ਅਤੇ ਮਨੁੱਖ | ਪ੍ਰੋਫ਼ੈਸਰ ਸਾਹਿਬ ਸਿੰਘ ਜੀ | ੭ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ਭਾਈ ਸਾਹਿਬ ਰਣਧੀਰ ਸਿੰਘ ਜੀ | ੧੨ |
| ਸੰਸਾਰ ਰੋਗੀ ਨਾਮੁ ਦਾਰੂ | ਸ: ਸੇਵਾ ਸਿੰਘ ਜੀ ਸੇਵਕ | ੧੭ |
| ਧਰਮਸਾਲ—ਗੁਰਦਵਾਰਾ | ਗਿ: ਹਰਬੰਸ ਸਿੰਘ ਜੀ | ੧੯ |
| ਭੰਗਾਣੀ ਦਾ ਜੁੱਧ—ਮਹੰਤ ਦੀ ਜ਼ੁਬਾਨੀ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੨੩ |
| ਮੰਝ ਜਗਤ ਕਾ ਬੋਹਿਥਾ | ਹੈਡਮਾਸਟਰ ਦਸੌਂਧਾ ਸਿੰਘ ਜੀ | ੩੧ |
| ਫ਼ਿਲਮੀ ਸ਼ਿਕਾਰੀਆਂ ਦਾ ਇਕ ਹੋਰ ਹਮਲਾ | 'ਗੁਰਮਤਿ ਵਿਚਾਰ ਪਤ੍ਰਕਾ' | ੩੬ |
| ਹਰਦੁਆਰ ਛਡਿਆ ਤਾਂ ਕੀਰਤਪੁਰ ਸਾਹਿਬ ਕਿਉਂ ? | ਡੀ. ਐਸ. ਲਾਇਲਪੁਰੀ | ੩੮ |
| ਏਕੁ ਪਿਤਾ ਏਕਸ ਕੇ ਹਮ ਬਾਰਿਕ | 'ਪ੍ਰੇਮ-ਮਈ ਬੇਨਤੀ' | ੪੩ |


## ਜੁਲਾਈ ੧੯੭੪ ਵਿਚ ਗੁਰਪੁਰਬ ਤੇ ਦਿਨ ਦਿਹਾਰ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅਵਤਾਰ ਧਾਰਿਆ — ੧੪ ਜੁਲਾਈ

| | |
|---|---|
| ਸੰਗਰਾਂਦ ਸਾਵਣ | ੧੬ ਜੁਲਾਈ |
| ਪੂਰਨਮਾਸ਼ੀ | ੪ ਜੁਲਾਈ |
| ਮਸਿਆ | ੧੯ ਜੁਲਾਈ |

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੫੦ ਪੈਸੇ

੧ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਪਰਦੇਸ : ਸਮੁੰਦਰੀ ਡਾਕ ਤਿੰਨ ਪੌਂਡ
ਹਵਾਈ ਡਾਕ ਦੋ ਰੇਟ ਵਧ ਵਧ ਹਨ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ ੧ ਜੁਲਾਈ, ੧੯੭੪ ਅੰਕ ੭


## ਧਰਮਸਾਲ ਦੀ ਝਾਕ

ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ[1] ॥
ਮੁਸਲਮਾਣਾ [2]ਸੂਅਰਹੁ ਸਉਗੰਦ ਵਿਆਜੁ ॥
[3]ਸਹੁਰਾ ਘਰਿ ਜਵਾਈਐ ਪਾਣੀ ਮਦਰਾਜੁ ॥
ਸਹਾ[4] ਨ ਖਾਈ ਚੂਹੜਾ ਮਾਇਆ ਮੁਹਤਾਜੁ ॥
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ ॥
ਤਿਉ ਧਰਮਸਾਲ ਦੀ ਝਾਕ ਹੈ [5]ਵਿਹੁ ਖੰਡੂ ਪਾਜੁ ॥੧੨॥

[ਭਾਈ ਗੁਰਦਾਸ ਜੀ, ਵਾਰ ੩੫

੧. ਹਰਾਮ । ੨. ਸੂਰ ਤੇ ਵਿਆਜ ਖਾਣ ਦੀ ਸੁਗੰਧ ਹੈ । ੩. (ਹਿੰਦੂ ਰੀਤੀ ਅਨੁਸਾਰ) ਸਹੁਰੇ ਲਈ ਜਵਾਈ ਦੇ ਘਰ ਦਾ ਪਾਣੀ ਤਕ ਵੀ ਸ਼ਰਾਬ ਵਾਂਗ (ਬੁਰਾ) ਹੈ । ੪. ਸਹਿਆ । ੫. ਖੰਡ ਵਿਚ ਗਲੇਫ਼ੀ ਹੋਈ ਜ਼ਹਿਰ ।


ਐਡੀਟਰ : ਗਿਆਨੀ ਜਸਵੰਤ ਸਿੰਘ, ਬੀ. ਏ., ਬੀ. ਟੀ.



www.AKJ.Org

# ਅਕਾਲ ਪੁਰਖ ਦਾ ਦਰਸ ਮਿਲਾਪ

## "ਅਨਹਦੁ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥"

[ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਤਿਨ੍ਹਾਂ ਨੂੰ ('ਅਵਿਗਤ ਕੀ ਗਤਿ' ਜਾਨਣਹਾਰਿਆਂ ਨੂੰ) ਤ੍ਰਿਭਵਣ ਸਾਰੇ ਵਿਖੇ ਹੀ ਜੋਤਿ ਸਬਾਇੜੀ ਪਰਦੀਪਤ ਹੋਈ ਦਿਸਦੀ ਹੈ । ਐਸੀ ਜੋਤਿ ਸਬਾਇੜੀ ਪਰਦੀਪਤ ਹੋਈ ਗੁਰਮੁਖ ਜਗਿਆਸੂ ਨੂੰ, ਪ੍ਰਭੂ ਘਟ ਘਟ ਅੰਦਰ ਰਵ ਰਹਿਆ ਨਜ਼ਰੀਂ ਆਉਣ ਲਗ ਪੈਂਦਾ ਹੈ। ਉਹ ਨਾਇਕ ਸੁਆਮੀ ਜੋ ਅਲੱਖ ਹੈ, ਹੋਰ ਕਿਤ ਬਿਨ ਭੀ ਲਖਿਆ ਨਹੀਂ ਜਾ ਸਕਦਾ, ਜੋ ਅਪਾਰ ਹੈ ਜਿਸ ਦਾ ਪਾਰਾਵਾਰ ਹੋਰ ਕਿਵੇਂ ਭੀ ਨਹੀਂ ਪਾਇਆ ਜਾ ਸਕਦਾ, ਸੋ ਘਟ ਘਟ ਅੰਦਰ ਜਗਨ-ਜੋਤੀ ਹੋ ਕੇ ਸਮੱਾ ਰਹਿਆ ਪਰਤੱਖ ਦਿਸ ਰਿਹਾ ਹੁੰਦਾ ਹੈ। ਨਾ ਕੇਵਲ ਆਪਣੇ ਘਟ ਅੰਦਰ ਹੀ, ਬਲਕਿ ਦੂਜਿਆਂ ਦੇ ਘਟਾਂ ਅੰਦਰ ਭੀ ਜੋਤਿ ਪਰਗਾਸਿਆ ਹੋਇਆ ਦ੍ਰਿਸ਼ਟ ਗੋਚਰ ਹੋਇ ਆਵੰਦਾ ਹੈ। ਇਹ ਅਲਖ ਅਪਾਰ ਸਿਰਜਨਹਾਰਾ ਅਪਰੰਪਰ ਸੁਆਮੀ ਪਰਮੇਸ਼ਰ ਸ਼ਬਦ-ਦੀਪਕੀ ਗੁਰਸਿਖਾਂ ਨੂੰ ਘਟ ਅੰਦਰ ਹੀ ਜੱਫੀਆਂ ਪਾਇ ਕੇ ਆਣ ਮਿਲਦਾ ਹੈ। ਪਰ ਮਿਲਦਾ ਤਦ ਹੈ ਜਦੋਂ ਨਾਮ-ਅਭਿਆਸ-ਕਮਾਈ ਏਤਨੀ ਪ੍ਰਬਲ ਦਸ਼ਾ ਵਿਚ ਅਰੂੜਤ ਹੋ ਜਾਂਦੀ ਹੈ ਕਿ ਨਿਜ ਦੇਹ-ਅਧਿਆਸ ਦੂਰ ਹੋ ਕੇ, ਆਪਾ ਉੱਕਾ ਹੀ ਮਾਰਿਆ-ਮਸਲਿਆ ਜਾਂਦਾ ਹੈ। ਬਸ, ਇਉਂ ਆਪਾ ਮਾਰਨ-ਹਾਰਿਆਂ ਸ਼ਬਦ-ਕਮਾਊਆਂ ਨੂੰ ਹੀ ਅੰਤਰ ਆਤਮੇ ਆ ਮਿਲਦਾ ਹੈ, ਸ਼ਬਦ ਕਮਾਈ ਦੁਆਰਾ। ਐਥੋਂ ਤਾਈਂ ਇਹ ਰੋਗ-ਹਉਮੀਆ-ਆਪਾ ਪਿਸ ਘਿਸ ਕੇ ਮਿਟ ਜਾਂਦਾ ਹੈ ਕਿ ਹਉਮੈ ਮਮਤਾ ਲੋਭ ਆਦਿ ਜਗਿਆਸੂ ਦੇ ਜਲ ਕੇ ਸੁਆਹ ਹੋ ਜਾਂਦੇ ਹਨ। ਅਤੇ ਸਾਰੀ ਮੈਲ ਅੰਦਰੋਂ ਚੁਕੀ ਜਾਂਦੀ ਹੈ । ਇਹਨਾਂ ਉਪਰਲੀਆਂ ਕੁਵਸਤੂਆਂ ਦੇ ਥਾਉਂ ਫੇਰ ਘਟ ਅੰਦਰ ਵਾਹਿਗੁਰੂ ਅਤੇ ਵਾਹਿਗੁਰੂ ਦਾ ਦਰਸ਼ਨ ਹੀ ਉਰਧਾਰਿਆ ਰਹਿੰਦਾ ਹੈ। ਇਉਂ ਸ਼ਬਦ ਗੁਰ ਦੀ ਕਮਾਈ ਰੂਪੀ ਭਾਣੇ ਅੰਦਰ ਚਲਿਆਂ ਤਾਰਨਹਾਰਾ ਨਦਰਾਲੂ-ਪੁਰਖ-ਅਕਾਲ ਤੁਠ ਕੇ ਆਪ ਹੀ ਆਪਣੇ ਭਾਣੇ ਅੰਦਰ ਆਏ ਪਿਆਰਿਆਂ ਨੂੰ ਤਾਰ ਲੈਂਦਾ ਹੈ। ਫਿਰ ਜੋਤੀਸ਼ ਵਾਹਿਗੁਰੂ ਨੂੰ ਧਾਰਨ ਧਾਰ ਕੇ ਹੀ, ਅੰਮ੍ਰਿਤ ਨਾਮ ਚਖ ਕੇ ਤ੍ਰਿਪਤ ਹੋਈ ਨਾਇਕਾ ਨੂੰ ਦਰ ਜਾਇ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਇਸ ਸੁਹਾਗ ਭਰੀ ਬਿਵਸਥਾ ਨੂੰ ਸਦਾ ਮਾਨਣ ਲਈ ਬਿਨੇ ਅਲਾਉਣਾ ਇਕ ਸਹਿਜ ਸੁਭਾਵੀ ਕਰਤੱਵ ਹੋਇ ਰਹਿੰਦਾ ਹੈ। ਯਥਾ ਗੁਰਵਾਕ —

> ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥ ਘਟਿ ਘਟਿ ਰਵਿ ਰਵਿਆ ਅਲਖ ਅਪਾਰੇ ਰਾਮ ॥ ਅਲਖ ਅਪਾਰ ਅਪਾਰ ਸਾਚਾ, ਆਪੁ ਮਾਰਿ ਮਿਲਾਈਐ ॥ ਹਉਮੈ ਮਮਤਾ ਲੋਭੁ ਜਾਲਹੁ, ਸਬਦਿ ਮੈਲੁ ਚੁਕਾਈਐ ॥ ਦਰਿ ਜਾਇ ਦਰਸਨੁ ਕਰੀ ਭਾਣੈ, ਤਾਰਿ ਤਾਰਣਹਾਰਿਆ ॥ ਹਰਿਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ, ਨਾਨਕਾ ਉਰਧਾਰਿਆ ॥ ੪॥੧॥ (ਬਿਲਾਵਲ ਮ: ੧ ਛੰਤ, ਪੰ: ੮੪੩

ਨਿਰੰਜਨ ਵਾਹਿਗੁਰੂ ਨੂੰ ਮਿਲਾਵਣ ਲਈ ਨਾਮ ਨਿਰੰਜਨ ਹੀ ਸਮਰੱਥ ਹੈ । ਸੋ ਐਸਾ ਨਾਮ ਨਿਰੰਜਨ, ਗੁਰਮਤਿ ਨਾਮ ਗੁਰਮੰਤ ਹੀ ਹੈ, ਜਿਸਦੇ ਪਾਰਸ-ਸ਼ਕਤੀਸ਼ਰੀ-ਅਭਿਆਸ ਅੰਦਰ ਐਸੀ ਪਾਰਸ-ਕਲਾ ਹੈ ਕਿ ਇਹ ਅਭਿਆਸ ਕਰਨਹਾਰੇ ਨੂੰ ਪਾਵਨ ਪਵਿਤ੍ਰ ਪਤਿਤੋਂ ਪੁਨੀਤ ਕਰ ਦਿੰਦਾ ਹੈ। ਅਤੇ ਸਰਬ ਅਗਿਆਨ ਭਰਮ ਅੰਧੇਰੇ ਹਰਿ ਦਿੰਦਾ ਹੈ। ਤਿਮਰ ਅਗਿਆਨ ਦਾ ਨਾਸ ਕਰ ਕੇ ਸਚੇ ਗੁਰਮਤਿ ਗਿਆਨ ਦਾ ਪਰਕਾਸ਼ ਕਰ ਦਿੰਦਾ ਹੈ। ਅਤੇ ਗੁਰਮਤਿ ਗਿਆਨ ਦਾ ਅੰਜਨ ਨੇਤ੍ਰਾਂ ਵਿਖੇ ਪਰਵੇਸ਼ ਕਰ ਕੇ ਨੈਨਾਂ ਨੇਤਰਾਂ ਨੂੰ ਦਿੱਬ-ਦ੍ਰਿਸ਼ਟੇ ਬਣਾ ਕੇ ਵਾਹਿਗੁਰੂ ਨਿਰੰਜਨ ਦਾ ਪਰਤੱਖ ਦਰਸ਼ਨ ਕਰਾਇ ਦਿੰਦਾ ਹੈ। ਐਸਾ ਪਰਤੱਖ, ਕਿ ਜਲ ਥਲ ਮਹੀਅਲ ਵਿਖੇ ਪਰੀਪੂਰਨ ਨਿਰੰਜਨ ਨਿਰੰਕਾਰ ਦਾ ਹੀ ਝਲਕਾ ਵਜਦਾ ਹੈ। ਐਸਾ ਗਿਆਨ ਨਿਰੰਜਨ ਪਰਗਟੰਜਨੀ-ਨਾਮ ਨਿਮਖ ਮਾਤ੍ਰ ਭੀ ਜਿਸਦੇ ਹਿਰਦੇ ਵਿਚ ਵਸਿਆ ਹੈ, ਤਿਸ ਦੇ ਸਭ ਕਿਲਵਿਖ ਵਸੂਰੇ ਮਿਟ ਜਾਂਦੇ ਹਨ। ਐਸਾ ਪਾਵਨ ਪਤਿਤ ਪੁਨੀਤ ਹੈ ਗੁਰਮਤਿ ਨਾਮ ਨਿਰੰਜਨ, ਕਿ ਸਰਬਦਾ ਭਉ-ਭੰਜਨ ਅਗਾਧ



www.AKJ.Org

ਬੋਧ ਸਮਰੱਥ ਸੁਆਮੀ, ਅਲਖ ਨਿਰੰਜਨ ਵਾਹਿਗੁਰੂ, ਸਨਮੁਖ ਦ੍ਰਿਸ਼ਟੀ ਗੋਚਰ ਦਰਸ਼ਨ ਦੇ ਰਹਿਆ ਇਉਂ ਜ਼ਾਹਰ ਜ਼ਹੂਰ ਤੇ ਹਾਜ਼ਰਾ ਹਜ਼ੂਰ ਵਿਗਸਦਾ ਵਿਗਸਾਉਂਦਾ, ਝਲਕਾਰੇ ਦਿੰਦਾ ਦਿਸ ਆਉਂਦਾ ਹੈ ਕਿ ਉਸ ਦੇ ਦਿਬਯ ਜੋਤੀ ਚਰਨ-ਕਮਲਾਂ ਦੇ ਨਾਲ ਲਪਟ ਲਪਟਾਇ ਕੇ, ਚੋਜ-ਬਿਨੋਦੀ ਕੇਲ ਕਰਨਾ, ਭਗਤ ਜਨਾਂ ਗੁਰਮੁਖਾਂ ਦੀ ਇਕ ਸੁਭਾਇਮਾਨ ਅਨੂਠੀ ਚਰਨ-ਜਪਨੀ ਪਗ ਪਇਅੰਪਨੀ ਖੇਡ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਐਸੇ ਗੁਰਮੁਖ ਜਨਾਂ ਦੇ ਚਰਨ ਜੰਪਨ, ਪਗ ਪਇਅੰਪਨ ਦੀ ਜਾਚਨਾ ਸਿਖਾਉਂਦੇ ਹਨ, ਜਿਨ੍ਹਾਂ ਨੇ ਇਸ ਬਿਧ ਅਲਖ ਨਿਰੰਜਨ ਨੂੰ ਗੁਪਤੋਂ ਪਰਗਟ ਕਰ ਦਿਖਾਇਆ ਹੈ ਤੇ ਪਰਤੱਖ ਲਖਣੀ ਲਖਾਇਆ ਹੈ ਅਤੇ ਅਗਾਧ ਬੋਧ ਵਾਹਿਗੁਰੂ ਨੂੰ ਸਹਿਜ ਸੰਬੋਧਨ ਨਿਰਮਲ ਦਿਬ-ਦੀਦਨੀ-ਦ੍ਰਿਸ਼ਟੀ ਅੰਦਰ ਸਮਾਇਆ ਹੈ। ਯਥਾ ਗੁਰਵਾਕ —

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ, ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ, ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧਿ ਸਮਰਥ ਸੁਆਮੀ, ਸਰਬ ਕਾ ਭਉ ਭੰਜਨਾ ॥ ਨਾਨਕ ਪਇਅੰਪੈ ਚਰਨ ਜੰਪੈ, ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥

[ਆਸਾ ਮ: ੧, ਛੰਤ, ਪੰ: ੪੫੬

ਸਚਮੁਚ ਨਾਮ ਜਪਣ ਕਰਿ, ਨਾਮ ਰਿਦੇ ਅਰਾਧਨ (ਬਿਚਾਰਨ) ਕਰਿ, ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ-ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿੱਬਤਾ-ਮਈ ਅਕਾਰ-ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰ ਹੀ ਉਤਰ ਆਉਂਦਾ ਹੈ।

"ਅਗਾਧਿ ਬੋਧਿ ਹਰਿ ਅਗਮ ਅਪਾਰੇ ॥
ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥
ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥

[ਗਉੜੀ ਮ: ੫, ਪੰ: ੨੦੨

ਕਿਰਪਾ ਧਾਰ ਆਉਂਦਾ ਹੈ, ਪਰਤੱਖ ਰੂਪ ਵਿਚ ਜੈਸਾ ਕਿ —

ਅਵਿਗਤ ਨਾਥੁ ਅਗੋਚਰ ਸੁਆਮੀ ॥
ਪੂਰਿ ਰਹਿਆ ਘਟਿ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥
ਨਾਨਕ ਕਉ ਗੁਰ ਕੀਓ ਪ੍ਰਗਾਸਾ ॥

[ਭੈਰਉ ਮ: ੫, ਪੰ: ੧੧੫੬-੫੭

ਸਭਨਾਂ ਨੂੰ ਇਕ ਜੋਤ ਤਾਰ-ਪਰੋਤੇ ਨਥਣਹਾਰਾ ਨਾਥ ਅਵਿਗਤ ਅਗੋਚਰ ਸੁਆਮੀ ਘਟ ਅੰਤਰ ਹੀ; ਪਰੀ-ਪੂਰਨਤਾ ਸਹਿਤ ਆਇ ਸਮਾਉਂਦਾ ਹੈ। ਭਗਤ ਜਨਾਂ ਦੀ ਪ੍ਰੀਤ-ਪਰਤੀਤ ਦਾ ਲਖਤਾ ਹੋਣ ਕਰ ਉਹ ਐਸਾ ਅੰਤਰ-ਜਾਮੀ ਹੈ ਕਿ ਅੰਤਰ ਦੀ ਗਤਿ ਬੁਝ ਕੇ ਆਸਾਂ ਪੂਰਦਾ ਹੈ। ਸਤਿਗੁਰੂ ਨਾਨਕ ਦੇ ਘਰ ਦੇ ਗੁਰਮੁਖ ਭਗਤ ਜਨਾਂ ਨੂੰ ਰਿਦੰਤਰੀ ਐਸਾ ਪਰਗਾਸ ਜੋਤਿ ਨਿਰੰਤਰੀ ਹੋਇ ਆਉਂਦਾ ਹੈ ਕਿ ਉਹ ਅੰਤਰ ਪਰਗਾਸ ਦਾ ਅਨੰਦ ਮਾਣਦੇ ਹੋਇ ਸਨਮੁਖ ਸ੍ਰਿਸ਼ਟੇ ਹੋਏ ਹੋਏ ਏਵੇਂ ਅਲਾਉਂਦੇ ਹਨ : ਆਹਾ ਮੇਰੇ ਪਰਕਾਸ਼ ਰੂਪ, ਅਨੂਪ ਸਰੂਪ ਵਾਹਿਗੁਰੂ! ਜਿਥੇ ਕਿਥੇ ਭੀ ਅਸੀਂ ਦੇਖਦੇ ਹਾਂ, ਤੇਰਾ ਹੀ ਵਾਸਾ, ਸਰੂਪ ਪਰਗਾਸਾ ਵੇਖਦੇ ਹਾਂ। ਇਹ ਜਤ-ਕਤ-ਵਾਸ-ਲਖਨੀ, ਪਰਗਾਸ-ਪੇਖਨੀ ਭਗਤ ਜਨਾਂ ਗੁਰਮੁਖਾਂ ਦੀ ਯਥਾਰਥ-ਲਖਨੀ ਸਾਖ ਹੈ, ਐਵੇਂ ਕਥਨੀ ਬਦਨੀ ਵਾਲੀ ਬੁਝਾਰਤ ਨਹੀਂ ਹੁੰਦੀ। ਐਵੇਂ ਚੂੰਚ-ਕਥਨੀ ਕਰਕੇ ਤਾਂ ਸਾਰਾ ਜੱਗ ਹੀ ਰਾਮ ਰਾਮ ਕਰਦਾ ਫਿਰਦਾ ਹੈ। ਇਉਂ ਚੂੰਚ-ਬਿਧਨੀ-ਕਥਨੀ ਕਰਿ ਰਾਮ ਨਹੀਂ ਪਾਇਆ ਜਾਂਦਾ। ਉਹ ਅਗੰਮ ਹੈ, ਅਗੋਚਰ ਹੈ ਅਤੇ ਅਤਿ ਵਡਾ ਹੈ ਅਤੇ ਐਸਾ ਅਤੁੱਲ ਹੈ ਕਿ ਤੋਲਿਆ ਭੀ ਨਹੀਂ ਜਾ ਸਕਦਾ। ਨਾ ਉਸ ਦੀ ਕੀਮਤ ਕਿਸੇ ਤੋਂ ਪਾਈ ਜਾਂਦੀ ਹੈ। ਨਾ ਉਹ ਕਿਸੇ ਭੀ ਉਪਾਇ ਕਰਕੇ ਲਇਆ ਪ੍ਰਗਟਾਇਆ ਜਾ ਸਕਦਾ ਹੈ। ਹਾਂ, ਕੇਵਲ ਗੁਰੂ ਕੇ ਸ਼ਬਦ (ਗੁਰਮੰਤ੍ਰ) ਦੁਆਰਾ ਹੀ ਲਇਆ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਵਾਹਿਗੁਰੂ ਸ਼ਬਦ ਅਭਿਆਸ ਦੀ ਪਾਰਸ-ਪਾਰਜਾਤੀ ਅਮਿਉ-ਰਸਾਇਣੀ-ਕਲਾ ਅਜਿਹੀ ਵਰਤਦੀ ਹੈ ਕਿ ਗੁਰੂ ਸ਼ਬਦ ਭੇਟਣ ਕਰਿ, ਉਹ ਅਭੇਦ ਰੂਪ ਹੋ ਕੇ ਮਨ ਅੰਦਰ ਹੀ ਆ ਵਸਦਾ ਹੈ। ਨਹੀਂ ਤਾਂ ਉਸ ਦੀ ਮਿਉਮਰੰਮੀ-ਮਿਤ-ਮਰਜਾਦਾ ਕਿਸੇ ਤੋਂ ਨਹੀਂ ਪਾਈ ਜਾ ਸਕਦੀ। ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਅੰਤਰ ਬਾਹਰ


www.AKJ.Org

ਸਮਾਇ ਰਹਿਆ ਦਿਸ ਆਂਵਦਾ ਹੈ ਅਤੇ ਅੰਤਰ ਆਤਮੇ ਜੋਤਿ ਝਿਲਮਲੀ ਜੱਫੀਆਂ ਪਾ ਕੇ ਐਸਾ ਆ ਮਿਲਦਾ ਹੈ, ਕਿ ਫੇਰ ਸਦਾ ਮਿਲਿਆ ਹੀ ਰਹਿੰਦਾ ਹੈ । ਯਥਾ ਗੁਰਵਾਕ —

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ, ਰਾਮੁ ਨ ਪਾਇਆ ਜਾਇ ॥ ਅਗਮੁ ਅਗੋਚਰੁ ਅਤਿ ਵਡਾ, ਅਤੁਲ ਨ ਤੁਲਿਆ ਜਾਇ ॥ ਕੀਮਤਿ ਕਿਨੈ ਨ ਪਾਈਆ, ਕਿਤੈ ਨ ਲਇਆ ਜਾਇ ॥ ਗੁਰ ਕੈ ਸਬਦਿ ਭੇਟਿਆ, ਇਨ ਬਿਧਿ ਵਸਿਆ ਮਨਿ ਆਇ ॥ ਨਾਨਕ ਆਪਿ ਅਮੇਉ ਹੈ, ਗੁਰ ਕਿਰਪਾ ਤੇ ਰਹਿਆ ਸਮਾਇ ॥ ਆਪੇ ਆਪਿ ਮਿਲਿ ਰਹਿਆ, ਆਪੇ ਮਿਲਿਆ ਆਇ ॥

[ਵਾਰ ਬਿਹਾਗੜਾ, ਸਲੋਕ ਮ: ੩, ਪੰ: ੫੫੫

ਇਹ ਬਿਸਮਾਦ-ਜਨਕ ਸਚਿਆਈ ਹੈ ਅਤੇ ਕੈਸੀ ਅਸਚਰਜ ਸਚਾਈ ਹੈ । ਜਿਸ ਠਾਕੁਰ ਪਰਮਾਤਮ ਪਰਮੇਸ਼ਰ ਨੂੰ ਅਗਾਧ ਬੋਧ ਸੁਣੀਦਾ ਹੈ ਤਿਸ ਅਗਾਧ ਬੋਧ ਨਿਰੰਕਾਰ ਨੂੰ ਸਤਿਗੁਰੂ ਨੇ ਸਿਖਾਂ ਦੇ ਰਿਦੇ ਅੰਦਰ ਪ੍ਰਗਟਾਇ ਦਿੱਤਾ ।

ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ ॥

[ਸੋਰਠਿ ਮ: ੫, ਪੰ: ੬੧੨

ਦੇਖੋ 'ਦਇਆ' ਦੀ ਏਥੇ ਕੈਸੀ ਫ਼ੋਰਸ (ਜ਼ੋਰ) ਹੈ, ਰਿਦੇ ਦੀਆ ਕਿਆ ? ਰਿਦੇ ਅੰਦਰ ਹੀ ਬਸਾਇ ਬਸਾਇ ਦੀਆ ਗੁਰੂ ਨੇ ।

ਸ਼ਬਦ-ਮਾਰਗੀਆਂ ਗੁਰਮੁਖਾਂ ਦੀ ਅਹਿਨਿਸੀ ਅਭਿਆਸ ਪੂਜਾ ਹੀ ਅਣ-ਦ੍ਰਿਸ਼ਟੇ ਪਰਮਾਤਮਾ ਦੇਵ ਦੀ ਹੈ, ਸ਼ਬਦ-ਸੁਰਤ-ਅਭਿਆਸ ਕਰਦੇ ਕਰਦੇ ਰਸ-ਅਮੀ ਸੁਆਦ ਉਦੱਤ ਆ ਹੁੰਦਾ ਹੈ । ਇਹ ਰਸ-ਅਮੀ ਦੇ ਸੁਆਦ ਪ੍ਰਾਇਣ ਹੋਇ ਸੁਆਸਾਂ ਨੂੰ ਰੋਕ ਕੇ ਗੁਰਮਤਿ ਅਭਿਆਸੀ ਜਨ ਹੰਸਲੇ, ਨਾਭੀ ਅੰਦਰ ਸੁਰਤ-ਚੁਭਾ ਲਾਇ ਬਹਿੰਦੇ ਹਨ । ਇਸ ਰਸ-ਰਸਨ-ਬਿਰਤੀ-ਚੁੱਭੇ ਦੁਆਰਾ ਆਪ ਦੀ ਸੁਰਤ ਨੂੰ ਉਭਾਰ ਪਸਾਰ ਕੇ ਅਤਿ ਗਹਿਰ ਗੰਭੀਰ ਸਾਗਰ-ਰਤਨਾਗਰੀ ਠਾਕਰ ਨੂੰ ਜਾਇ ਢੂੰਡਦੇ ਹਨ । ਇਸ ਬਿਧ ਨਭ-ਨਾਭੀ ਪੁਲਾੜ ਅੰਦਰ ਹੀ ਅਨੂਪਮ ਠਾਕੁਰ ਪੂਜਾ ਏਕੰਕਾਰੀ ਹੋਣ ਲਗ ਪੈਂਦੀ ਹੈ । ਇਸ ਸ਼ਬਦ-ਬੀਚਾਰੀ-ਅਭਿਆਸ-ਪੂਜਾ ਦੇ ਪ੍ਰਭਾਵ ਕਰਿ, ਇਕੋ ਭਰਮ-ਭਉ-ਭੰਜਨ-ਪੁਰਖ ਤਿਨ੍ਹਾਂ ਦੇ ਗਿਆਨ ਦ੍ਰਿਸ਼ਟੇ ਲੋਇਣਾਂ ਸਾਹਮਣੇ, ਏਕਸ ਬਿਨਾਂ ਹੋਰ ਦੂਜਾ ਨਜ਼ਰੀਂ ਹੀ ਨਹੀਂ ਆਉਂਦਾ । ਤਾਂਤੇ ਏਕ ਬਿਨਾਂ ਦੂਜੇ ਦੀ ਪੂਜਾ ਦਾ ਏਥੇ ਥਾਉਂ ਹੀ ਨਹੀਂ ।

ਇਹ ਸਚੜਾ ਸ਼ਬਦ-ਸੁਰਤੀਆਂ ਦਾ ਗੁਰਮਤਿ ਮਾਰਗ ਹੀ ਮਨੂਆ ਮਾਰਨ ਦਾ ਸਚੜਾ ਸ਼ਬੀਲਾ ਹੈ, ਇਉਂ ਮਨੂਆ ਮਾਰ ਕੇ ਹੀ ਨਿਰਮਲ ਪਦ ਚੀਨਿਆ ਜਾਂਦਾ ਹੈ, ਨਿਰਮਲ ਪਦ ਚੀਨ ਕੇ ਅਧਿਕ ਤੋਂ ਅਧਿਕ ਹਰਿ-ਰਸ-ਰੰਗ ਮਾਣੀਦਾ ਹੈ । ਇਸ ਬਿਧ ਹਰਿ-ਰਸ-ਰਤੇ ਅਧਿਕ ਰੰਗਾਂ ਵਾਲੇ ਗੁਰਮੁਖ ਅਭਿਆਸੀ ਜਨ, ਏਕਸ ਦੇ ਅਨਿੰਨ ਪੁਜਾਰੀ ਹੀ ਬਣ ਰਹਿੰਦੇ ਹਨ । ਗੁਰ ਪ੍ਰਸਾਦਿ ਕਰਿ ਐਸੀ ਅਗੰਮੀ ਸੂਝ ਬੂਝ ਉਹਨਾਂ ਨੂੰ ਹੋਇ ਆਂਵਦੀ ਹੈ ।

ਕੇਵਲ ਗੁਰਮਤਿ ਦਰਸਾਈ ਉਪਰ ਲਿਖਤ ਵਿਉਂਤ-ਵਿਧੀ ਅਨੁਸਾਰ ਹੀ ਏਕੈ ਅਗੰਮ ਅਗੋਚਰ ਅਨਾਥ ਅਜੋਨੀ ਸੈਭੰ ਪ੍ਰਭੂ ਦਾ ਪਾਰ-ਦਰਸੀ-ਗਿਆਨ-ਸਾਰ ਪ੍ਰਾਪਤ ਹੁੰਦਾ ਹੈ, ਇਸ ਗਿਆਨ-ਰਸ-ਜੋਤੀ ਨਾਲ ਸੁਭਰ-ਭਰੀਵੇ ਗੁਰਮੁਖ-ਹੰਸਲਿਆਂ ਦਾ ਚਿੱਤ, ਸਦਾ ਅਡੋਲ ਰਹਿੰਦਾ ਹੈ, ਮਨ ਹੀ ਤੇ ਮਨਿ ਮਾਨੀ । ਇਸ ਅਡੋਲ ਤਤ ਗਿਆਨ ਜੈਸੀ ਆਤਮ ਅਵਸਥਾ ਵਿਖੇ ਅਰੂੜ ਹੋ ਕੇ ਅਕੱਥ ਵਾਹਿਗੁਰੂ ਦੀ ਅਗੋਚਰ ਕਥਾ ਨੂੰ ਕਥ ਸਕੀਦਾ ਹੈ । ਅਤੇ ਕਥ ਲਈਦਾ ਹੈ, ਯਥਾ ਗੁਰਵਾਕ —

ਗਹਿਰ ਗੰਭੀਰ ਸਾਗਰ ਰਤਨਾਗਰ, ਅਵਰ ਨਹੀ ਅਨ ਪੂਜਾ ॥ ਸਬਦੁ ਬੀਚਾਰਿ ਭਰਮ ਭਉ ਭੰਜਨੁ, ਅਵਰੁ ਨ ਜਾਨਿਆ ਦੂਜਾ ॥੫॥ ਮਨੂਆ ਮਾਰਿ ਨਿਰਮਲ ਪਦੁ ਚੀਨਿਆ, ਹਰਿ ਰਸ ਰਤੇ ਅਧਿਕਾਈ ॥ ਏਕਸ ਬਿਨੁ ਮੈ ਅਵਰੁ ਨ ਜਾਨਾਂ, ਸਤਿਗੁਰਿ ਬੂਝ ਬੁਝਾਈ ॥੬॥ ਅਗਮ ਅਗੋਚਰੁ ਅਨਾਥੁ ਅਜੋਨੀ, ਗੁਰਮਤਿ ਏਕੋ ਜਾਨਿਆ ॥ ਸੁਭਰ ਭਰੇ ਨਾਹੀ ਚਿਤੁ ਡੋਲੈ, ਮਨ ਹੀ ਤੇ ਮਨੁ ਮਾਨਿਆ॥ ੭॥ਗੁਰ ਪਰਸਾਦੀ ਅਕਥਉ ਕਥੀਐ,ਕਹਉ ਕਹਾਵੈ ਸੋਈ ॥ ਨਾਨਕ ਦੀਨ ਦਇਆਲ ਹਮਾਰੇ, ਅਵਰੁ ਨ ਜਾਨਿਆ ਕੋਈ ॥੮॥੨॥

[ਸਾਰੰਗ ਮ: ੧, ਪੰ: ੧੨੩੩

ਗੁਰ ਪੂਰੇ ਦੀ ਐਸੀ ਵਡਿਆਈ ਹੈ ਕਿ ਗੁਰਮਤਿ



www.AKJ.Org

ਨਾਮ ਅਭਿਆਸ ਕਰਿ ਉਰਧਾਰਿ ਬੀਚਾਰਿਆਂ, ਜਪ ਜਪ ਕੇ ਅਦ੍ਰਿਸ਼ਟ ਅਗੋਚਰ ਅਪ੍ਰੰਪਰ ਸੁਆਮੀ ਰਮੋ-ਰਮ-ਮਨਮੋਹਨ-ਅੰਤਰਜਾਮੀ ਗੁਪਤੋਂ ਪਰਗਟ ਦਿਸ ਪੈਂਦਾ ਹੈ ਅਤੇ ਦਰਸ-ਝਲਕਾਰ ਦੇਣ ਲੱਗ ਜਾਂਦਾ ਹੈ, ਯਥਾ ਗੁਰਵਾਕ —

"ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ, ਮਨਮੋਹਨ ਨਾਮੁ ਜਪੀਨੇ ॥ ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ, ਗੁਰ ਪੂਰੈ ਪ੍ਰਗਟ ਕਰਿ ਦੀਨੇ ॥ ੧ ॥

[ਧਨਾਸਰੀ ਮ: ੪, ਪੰਨਾ ੬੬੮

ਦੁਨੀਆ ਦ੍ਰਿਸ਼ਟਮਾਨ ਮਾਇਆ ਦੇ ਪਸਾਰੇ ਨੂੰ ਸਤ ਕਰਕੇ ਮੰਨਦੀ ਹੈ ਅਤੇ ਅਦ੍ਰਿਸ਼ਟ ਨੂੰ ਮੰਨਦੀ ਹੀ ਨਹੀਂ। ਗੁਰਮਤਿ ਅਨੁਸਾਰ ਆਦਿ ਜੁਗਾਦੀ ਹੈਭੀ ਹੋਸੀ, ਅਗਮ ਅਗੋਚਰ, ਅਪਰ ਅਪਾਰ ਪਾਰਬ੍ਰਹਮ ਬਿਨਾਂ, ਹੋਰ ਸਭ ਕੂੜ ਝੂਠਾ ਹੈ; ਯਥਾ ਗੁਰਵਾਕ :—

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥ ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥ ਆਦਿ ਜੁਗਾਦੀ ਹੈ ਭੀ ਹੋਸੀ, ਅਵਰੁ ਝੂਠਾ ਸਭੁ ਮਾਨੋ ॥ (ਆਸਾ ਮ: ੧ ਛੰਤ, ਪੰ: ੪੩੭

ਇਸ ਅਗਮ ਅਗੋਚਰ ਅਲਖ ਅਪਾਰ ਦੀ ਸਤਤਾ ਹੀ ਗੁਰਮਤਿ ਅਨੁਸਾਰ ਪਰਧਾਨ ਹੈ। ਇਸ ਨੂੰ ਜਾਗਦੀ ਜੋਤ ਪੇਖ ਕੇ ਹੀ, ਅੰਤਰਜਾਮੀ ਨੂੰ ਬਿਸੇਖ ਕੇ ਹੀ, ਗੁਰੂ ਸਾਹਿਬਾਂ ਨੇ ਸਨਮੁਖ ਬੇਨਤੀ ਉਚਾਰਨ ਕੀਤੀ ਹੈ। ਅਤੇ ਗੁਰਮੁਖ ਜਨਾਂ ਨੂੰ ਕਰਨੀ ਸਿਖਾਈ ਹੈ ਅਤੇ ਇਸ ਬਿਧਿ ਸਤਤਾ ਲਖਾਈ ਹੈ :—

ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਘਟਿ ਘਟਿ ਜੋਤਿ ਤੁਮ੍ਾਰੀ ॥

(ਬਿਲਾਵਲ ਮ: ੧, ਪੰ: ੭੯੫

ਇਹ ਗੱਲ ਬਿਲਕੁਲ ਸਹੀ ਹੈ ਕਿ ਇਸ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨੂੰ ਜਣਾ ਕਣਾ ਕੋਈ ਸਿਆਣੇ ਤੋਂ ਵਡਾ ਸਿਆਣਾ ਭੀ ਨਹੀਂ ਅਪੜ ਸਕਦਾ। ਮਿਹਰਵਾਨ ਬੇਪਰਵਾਹ ਸੁਆਮੀ ਅੰਤਰਜਾਮੀ ਨੂੰ ਗੁਰ ਪ੍ਰਸਾਦੀ ਹੀ ਮਿਲ ਸਕੀਦਾ ਹੈ, ਗੁਰ ਸ਼ਬਦ ਕਮਾਈ ਕਰ ਕੇ। ਗੁਰ-ਸ਼ਬਦ ਦੀ ਸੇਵਾ ਕਮਾਈ ਓਸ ਗੁਰਮੁਖ ਜਨ ਤੋਂ ਹੁੰਦੀ ਹੈ ਜਿਸ ਦੇ ਉਪਰ ਉਸ ਮੇਹਰਵਾਨ ਦੀ ਮੇਹਰ ਆ ਹੁੰਦੀ ਹੈ। ਐਸੇ ਨਦਰ ਨਦ੍ਰਿਸ਼ਟੇ ਜਨ ਗੁਰਮਤਿ ਕਮਾਈ ਦੁਆਰਾ ਸਚੇ ਅਕਾਲ ਪੁਰਖ ਦੇ ਸਰੂਪ ਵਿੱਚ ਹੀ ਸਮਾਉਂਦੇ ਅਤੇ ਸਮਾਈ ਰਹਿੰਦੇ ਹਨ। ਇਸ ਸਹਿਜ ਸਮਾਵਣੀ ਆਮ ਅਵਸਥਾ ਨੂੰ ਮਾਣਦੇ ਹੋਏ ਦਿਨ ਰਾਤੀ ਸੱਚੇ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਗੁਣ ਗਾਂਵਦੀ ਉਹਨਾਂ ਦੀ ਰਸਨਾ ਕਦੇ ਥਕਦੀ ਹੀ ਨਹੀਂ। ਐਸਾ ਹਰਿ ਰਸ ਆਇਆ ਹੁੰਦਾ ਹੈ ਉਹਨਾਂ ਦੀ ਗੁਣ ਗਾਵਣ-ਹਾਰੀ ਰਸਨਾ ਨੂੰ!! ਉਹਨਾਂ ਨੂੰ ਗਹਿਰ ਗੰਭੀਰ ਸਚੇ ਸਾਹਿਬ ਨੂੰ ਸਦਾ ਸੱਚਾ ਸਲਾਹੁਣ ਵਿੱਚ ਸੱਚੀ ਧੀਰਜ ਹੈ। ਜਿਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾ ਸਕਦੀ, ਗੁਰਮੁਖਾਂ ਨੇ ਉਸ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ, ਧੰਦੇ-ਧੰਦਈ ਹੋਈ ਲੋਈ (ਲੁਕਾਈ) ਨਿਰਾਲਮ-ਨਿਰੰਕਾਰ-ਨਿਰੰਜਨ ਨੂੰ ਨਹੀਂ ਪਛਾਣ ਸਕਦੀ। ਗੁਰ-ਪ੍ਰਸਾਦੀ ਹੀ ਕੋਈ ਨਾਮ-ਕਮਾਈ ਵਾਲਾ ਗੁਰਮੁਖ ਜਨ ਬੁਝ ਸਕਦਾ ਹੈ। ਗੁਰਮਤੀ ਨਾਮ ਘਟ ਅੰਤਰਿ ਵਸਿਆ, ਨਾਮੀ ਵਾਹਿਗੁਰੂ ਨਾਲ ਦਰਸ-ਮਿਲਾਈ ਮੇਲ ਹੀ ਹੋ ਜਾਂਦਾ ਹੈ, ਯਥਾ ਗੁਰਵਾਕ —

ਅਗਮ ਅਗੋਚਰ ਵੇਪਰਵਾਹੇ ॥ ਆਪੇ ਮੇਹਰਵਾਨ ਅਗਮ ਅਥਾਹੇ ॥ ਅਪੜਿ ਕੋਇ ਨ ਸਕੈ ਤਿਸ ਨੋ, ਗੁਰ ਸਬਦੀ ਮੇਲਾਇਆ ॥੧॥ ਤੁਧ ਨੋ ਸੇਵਹਿ ਜੋ ਤੁਧੁ ਭਾਵਹਿ ॥ ਗੁਰ ਕੈ ਸਬਦੇ ਸਚਿ ਸਮਾਵਹਿ ॥ ਅਨਦਿਨੁ ਗੁਣ ਗਾਵਹਿ ਦਿਨੁ ਰਾਤੀ, ਰਸਨਾ ਹਰਿ ਰਸੁ ਭਾਇਆ ॥੨॥......[ਮਾਰੂ ਮ:੩,ਪੰ:੧੦੬੭

ਸਚਾ ਸਾਹਿਬੁ ਗਹਿਰ ਗੰਭੀਰਾ ॥ ਸਦਾ ਸਲਾਹੀ ਤਾ ਮਨੁ ਧੀਰਾ ॥ ਅਗਮ ਅਗੋਚਰੁ ਕੀਮਤਿ ਨਹੀ ਪਾਈ, ਗੁਰਮੁਖਿ ਮੰਨਿ ਵਸਾਇਦਾ ॥੧੫॥ ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇੰਦਾ ॥੧੬॥੭॥ [ਮਾਰੂ ਮ:੩,ਪੰ: ੧੦੬੧

ਜਿਸ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਅਨਮਾਨਣ ਮਾਤ੍ਰ ਤੋਂ ਭੀ ਆਮ ਅਲਪੱਗ ਪੁਰਸ਼ਾਂ ਦੀ ਅਕਲ ਅੰਧਲੀ ਬੋਲੀ ਨੀਮ-ਨਿਸਚੋਲੀ ਹੋ ਰਹੀ ਹੈ, ਉਹ ਪੁਰਖ ਬਿਧਾਤਾ ਆਦਿ ਜੁਗਾਦਿ ਤੋਂ ਹੀ ਦਇਆ-ਪਤਿ ਦਾਤਾ, ਗੁਰਮਤਿ ਆਸਤਕਤਾ ਦਾ ਮੁਖ ਕੇਂਦਰ, ਪਛਾਤਾ ਜਾਂਦਾ ਰਹਿਆ ਹੈ। ਪਰ ਜਿਨ੍ਹਾਂ ਪਛਾਤਾ ਹੈ, ਸਚ ਕਰ ਕੇ ਜਾਤਾ ਹੈ, ਪੂਰੇ ਗੁਰ ਕੇ ਸ਼ਬਦ-ਅਭਿਆਸ ਦੁਆਰਾ ਅੰਤਰ ਅਬਿਨਾਸ ਚਾਨਣਾ ਪਰਗਟ ਹੋਣ ਪਰ ਹੀ ਸਚ

www.AKJ.Org

ਪਛਾਤਾ ਹੈ । ਹੇ ਸਤਿ ਅਸਤਾਸ਼, ਸਦਾ ਅਬਿਨਾਸ਼ ਕਰਤੇ, ਤੁਧਨੋ ਗੁਰ ਸ਼ਬਦ ਮੰਤ੍ਰ ਅਭਿਆਸ ਕਮਾਈ ਦੁਆਰਾ ਸੇਵਨਹਾਰੇ, ਤੁਧਨੂੰ ਸਤ ਪਛਾਣਦੇ, ਤੁਧ ਹੀ ਜਿਹੇ ਹੋ ਗਏ ਹਨ ਅਤੇ ਤੁਧ ਹੀ ਵਿਚ ਸਮਾ ਗਏ ਹਨ। ਤੁਧ ਆਪ ਕਿਰਪਾ ਕਰਿ, ਤਿਨ੍ਹਾਂ ਨੂੰ ਆਪਣੇ ਵਿਚ ਸਮਾਇ ਕੇ ਮਿਲਾਇ ਲਇਆ ਹੈ । ਹੇ ਅਗਮ ਅਗੋਚਰ ਸਾਹਿਬ, ਤੇਰੀ ਕੀਮਤ ਕਿਨੇ ਨਹੀਂ ਪਾਈ । ਸਭ ਜੀਆ-ਜੰਤ ਤੇਰੀ ਸਰਨਾਈ ਹੀ ਆਸਰਤ ਹੋ ਕੇ ਜੀਉਂਦੇ ਹਨ। ਜਿਉਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਚਲਾਉਂਦਾ ਹੈਂ; ਅਤੇ ਜਿਸਨੋਂ ਚਾਹੇਂ ਤਿਸਨੂੰ ਤੂੰ ਸੁਮਾਰਗ ਪਾਉਂਦਾ ਹੈਂ । ਤੂੰ ਹੈਂ ਭੀ ਸਤਿ, ਪਰਮੇਸ਼ਰ ਸਚਾ; ਹੋਸੀ ਸਾਚਾ, ਸਤਿ ਕਰਤਾਰ, ਸਭਨਾਂ ਦਾ ਸਿਰਜਨਹਾਰ ਹੈਂ । ਤੁਧ ਬਿਨ ਹੋਰ ਕੋਈ ਕਰਤਾ ਸਿਰਜ-ਸੰਵਾਰਤਾ ਨਹੀਂ । ਤੂੰ ਸਭਨਾਂ ਦੀ ਸਾਰ ਸੰਭਾਲਣਹਾਰਾ ਸੁਖਦਾਤਾ ਹੈਂ ਅਤੇ ਸਭਨਾਂ ਨੂੰ ਆਪੇ ਰਿਜ਼ਕ ਸੰਬਾਹੁਣ ਪਹੁੰਚਾਣਹਾਰਾ ਹੈਂ । ਅਗਮ ਅਗੋਚਰ ਅਲਖ ਅਪਾਰ ਨਿਰੰਜਨਾ ਨਿਰੰਕਾਰਾ, ਤੇਰਾ ਪਾਰਾਵਾਰ ਕਿਨੇ ਨਹੀਂ ਪਾਇਆ । ਆਪਣਾ ਆਪ ਅਸਲ ਵਜੂਦ, ਵਾਸਤਵ ਕਰਿ ਤੂੰ ਆਪ ਹੀ ਪਛਾਨਣ ਯੋਗ ਹੈਂ । ਪਰ ਜਿਸ ਜਿਸ ਤਾਈਂ ਆਪਣੇ ਹਸਤ-ਹੋਂਦੀਏ ਵਜੂਦ ਬੁਝਾਉਂਦਾ ਲਖਾਉਂਦਾ ਹੈਂ, ਗੁਰਮਤਿ ਦੀ ਸਚੀ ਰੋਸ਼ਨੀ ਰੋਸ਼ਨਾਉਣੋਂ ਹੀ ਬੁਝਾਉਂਦਾ ਲਖਾਉਂਦਾ ਹੈਂ । ਯਥਾ ਗੁਰਵਾਕ –

ਆਦਿ ਜੁਗਾਦਿ ਦਇਆਪਤਿ ਦਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥ ਤੁਧੁ ਨੋ ਸੇਵਹਿ ਸੇ ਤੁਝਹਿ ਸਮਾਵਹਿ, ਤੂ ਆਪੇ ਮੇਲਿ ਮਿਲਾਇਦਾ ॥ ੧॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਜੀਅ ਜੰਤ ਤੇਰੀ ਸਰਣਾਈ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ, ਤੂ ਆਪੇ ਮਾਰਗਿ ਪਾਇਦਾ ॥੨॥ ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰੁ ਨ ਕੋਈ ॥ ਸਭਨਾ ਸਾਰ ਕਰੇ ਸੁਖਦਾਤਾ, ਆਪੇ ਰਿਜਕੁ ਪਹੁਚਾਇਦਾ ॥੩॥ ਅਗਮ ਅਗੋਚਰੁ ਅਲਖ ਅਪਾਰਾ॥ ਕੋਇ ਨ ਜਾਣੈ ਤੇਰਾ ਪਰਵਾਰਾ ॥ਆਪਣਾ ਆਪੁ ਪਛਾਣਹਿ ਆਪੇ, ਗੁਰਮਤੀ ਆਪਿ ਬੁਝਾਇਦਾ ॥੪॥ [ਮਾਰੂ ਮ: ੩, ਪੰਨਾ ੧੦੬੦

ਦਰ-ਹਕੀਕਤ ਵਾਹਿਗੁਰੂ ਅਗਮ ਅਗੋਚਰ ਹੈ, ਅਲਖ ਹੈ, ਪਰੰਤੂ ਗੁਰ ਦੀਖਿਆ ਗੁਰਮੰਤ੍ਰ ਦੀ ਕਮਾਈ ਕਰਨ-ਹਾਰਿਆਂ ਗੁਰਮੁਖਾਂ ਨੇ ਹੀ ਪਰਤੱਖ ਕਰਿ ਜਾਣਿਆ ਹੈ । ਅਤੇ ਗੁਰਮੁਖਤਾ ਦੁਆਰਾ ਹੀ ਜਾਣਿਆ ਜਾਂਦਾ ਹੈ ।

"ਅਗਮ ਅਗੋਚਰੁ ਅਲਖੁ ਹੈ,
ਗੁਰਮੁਖਿ ਹਰਿ ਜਾਣੁ ॥"
[ਸੂਹੀ ਵਾਰ, ਪਉੜੀ ੧੧, ਪੰਨਾ ੭੮੯

ਤਥਾ – ਪਾਰਬ੍ਰਹਮ ਅਪਰੰਪਰ ਦੇਵਾ ॥
ਅਗਮ ਅਗੋਚਰ ਅਲਖ ਅਭੇਵਾ ॥
ਦੀਨ ਦਇਆਲ ਗੋਪਾਲ ਗੋਬਿੰਦਾ ਹਰਿ
ਧਿਆਵਹੁ, ਗੁਰਮੁਖਿ ਗਾਤੀ ਜੀਉ ॥
[ਮਾਝ ਮ: ੫, ਪੰਨਾ ੯੮

ਗੁਰਮਤਿ ਲਖਾਈ ਗਾਤੀ ਦੁਆਰਾ ਹੀ ਧਿਆਇਆ ਜਾਂਦਾ ਹੈ । ਧਿਆਇ ਧਿਆਇ ਲਖਾਇਆ ਜਾਂਦਾ ਹੈ, ਸਿਮਰਨ ਦਾ ਮੰਤਵ ਹੀ ਇਹੀ ਹੈ ਕਿ ਅਗਮ ਅਗੋਚਰ ਅਲਖ ਅਪਾਰ ਪਾਰਬ੍ਰਹਮ ਨੂੰ ਲਖਿਆ ਜਾਵੇ । ਗੁਰਮਤਿ ਦ੍ਰਿੜਾਇਆ ਸਿਮਰਨ, ਦਿਨ-ਰੈਨਾਰੀ ਸਿਮਰਨ ਇਸ ਪ੍ਰਯੋਜਨ ਨੂੰ ਮੁਖ ਰਖ ਕੇ ਅਰੰਭਤ ਹੁੰਦਾ ਹੈ ਕਿ ਜਿਸ ਦਾ ਸਿਮਰਨ ਕੀਤਾ ਜਾਵੇ ਉਸ ਅਮਰਾਪਤ ਪਾਰਬ੍ਰਹਮ ਨੂੰ ਪ੍ਰਾਪਤ ਕੀਤਾ ਜਾਵੇ, ਯਥਾ ਗੁਰਵਾਕ –

ਅਗਮ ਅਗੋਚਰੁ ਅਲਖ ਅਪਾਰੇ ॥
ਨਾਨਕੁ ਸਿਮਰੈ ਦਿਨੁ ਰੈਨਾਰੇ ॥
[ਸੂਹੀ ਮ: ੫, ਪੰਨਾ ੭੪੦

ਗੁਰੂ ਨਾਨਕ ਸਰੂਪ ਦੇ ਦਸੇ ਜਾਮਿਆਂ ਦੇ ਅਗਮ-ਰੂਪਾਂ-ਦਰਸਾਰੇ ਦੇ ਦ੍ਰਿਸ਼ਟ-ਦ੍ਰਿਸ਼ਟਾਰੇ-ਝਲਕਾਰਿਆਂ ਨੂੰ ਸਨਮੁਖ ਦੇਖਦੇ ਹੋਏ ਹੀ, ਸਿਮਰਨ ਅਨੰਦ ਮਗਨ ਰਹਿੰਦੇ ਹਨ; ਪਰ ਤਿਸੈ (ਦਿਨ-ਰੈਨਾਰੀ) ਸਿਮਰਨ ਦੀ ਪਾਰਸ-ਕਲਾ ਸਤਿਗੁਰਾਂ ਨੇ ਐਸੀ ਲਖਾਈ-ਦ੍ਰਿੜਾਈ ਹੈ ਕਿ ਸਿਮਰਨ-ਸ਼ਕਤੀ ਕਰਿ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਭੀ ਦ੍ਰਿਸ਼ਟੀ-ਗੋਚਰ ਹੋਇ ਆਉਂਦਾ ਹੈ । ਅਤੇ ਸਿਮਰਨ ਕਰਨ-ਹਾਰੇ ਗੁਰਸਿਖਾਂ ਪ੍ਰਤੀ ਸਦਾ ਸਦਾ ਜੁਗਾਂ ਪ੍ਰਯੰਤ ਦ੍ਰਿਸ਼ਟੀ-ਗੋਚਰ ਹੁੰਦਾ ਰਹੇਗਾ । ਸੋ ਜਿਸ ਕਿਸੇ ਨੇ ਵੀ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਦਾ ਆਤਮ-ਦ੍ਰਿਸ਼ਟ-ਦਰਸਾਰਾ ਦੇਖਣਾ ਹੋਵੇ ਸੋ ਗੁਰੂ-ਘਰ ਵਿਖੇ ਆਇ ਕੇ ਨਿਸੰਗ ਪੇਖੇ ਪਰਖੇ, ਅਜ਼ਮਾਏ, ਆਪਣੀ ਅੱਖੀਂ ਦੇਖੇ । ਬਿਨ ਦੇਖੇ ਕੈਸੇ ਪਤੀਆਏ ਅਤੇ ਕੈਸੇ ਨਾਸਤਕਤਾ ਅਤੇ ਐਗਨਾਸਟਿ-ਇਜ਼ਮ ਦਾ ਜ਼ਹਿਰ ਦੂਰ ਹੋ ਜਾਏ ।

[‘ਅਣਡਿਠੀ ਦੁਨੀਆ’ ਪੁਸਤਕ ਵਿਚੋਂ’

[ਬਾਕੀ ਅਗਲੇ ਪਰਚੇ ਵਿਚ

www.AKJ.Org

# ਕਲਜੁਗ ਅਤੇ ਮਨੁੱਖ

[ ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ.ਲਿਟ. ]

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥

ਕਿਸੇ ਦੇਸ਼ ਵਿਚ ਜਦੋਂ ਕਦੇ ਭੀ ਕੋਈ ਭਲਾ ਕੰਮ ਕਰਨ ਦੀ ਜਾਂ ਕੋਈ ਸੇਵਾ ਕੁਰਬਾਨੀ ਦੀ ਲਹਿਰ ਚੱਲੇ, ਤਾਂ ਪਹਿਲਾਂ ਪਹਿਲ ਲੋਕ ਉਸ ਵਿੱਚ ਬੜੇ ਸ਼ੌਕ ਤੇ ਚਾਉ ਨਾਲ ਸ਼ਾਮਲ ਹੁੰਦੇ ਹਨ ਤੇ ਲੋੜ ਅਨੁਸਾਰ ਹੱਸ ਹੱਸ ਕੇ ਕਸ਼ਟ ਭੀ ਝੱਲਦੇ ਹਨ।ਜਿਉਂ ਜਿਉਂ ਸਮਾਂ ਲੰਘਦਾ ਹੈ, ਕਈ ਰੁਕਾਵਟਾਂ ਰਾਹ ਵਿਚ ਆਉਂਦੀਆਂ ਹਨ। ਸੇਵਾ ਤੇ ਕੁਰਬਾਨੀ ਲਈ ਮੈਦਾਨ ਵਿਚ ਆਏ ਬੰਦਿਆਂ ਦੇ ਰਸਤੇ ਵਿਚ ਕਈ ਕਿਸਮ ਦੇ ਲਾਲਚ ਭੀ ਖਿਲਾਰੇ ਜਾਂਦੇ ਹਨ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਕੋਈ ਵਿਰਲੇ ਹੀ ਐਸੇ ਮਨੁੱਖ ਨਿਤਰਦੇ ਹਨ ਜਿਨ੍ਹਾਂ ਦੀ ਘਾਲ ਸਿਰੇ ਚੜ੍ਹਦੀ ਹੈ। ਰੁਕਾਵਟਾਂ ਤੇ ਲਾਲਚ ਦੇ ਕਾਰਨ ਬਹੁਤਿਆਂ ਦਾ ਮਨ ਹੌਸਲਾ ਢਾਹ ਬਹਿੰਦਾ ਹੈ । ਇਸ ਜਗਤ-ਰੰਗਭੂਮੀ ਵਿਚ ਪੈਗੰਬਰਾਂ ਅਵਤਾਰਾਂ ਤੋਂ ਲੈ ਕੇ ਸਧਾਰਨ ਮਨੁੱਖ ਤੱਕ ਹਰੇਕ ਜੀਵ-ਖਿਲਾੜੀ ਨੇ ਆਪਣੀ ਆਪਣੀ ਹਿੱਸੇ ਆਈ ਖੇਡ ਖੇਡਣੀ ਹੈ, ਤੇ ਕੁਦਰਤ ਦੇ ਨਿਯਮ-ਅਨੁਸਾਰ ਹਰੇਕ ਦੇ ਰਾਹ ਵਿਚ ਇਹ ਰੁਕਾਵਟਾਂ ਤੇ ਲਾਲਚ ਆਉਂਦੇ ਹਨ, ਕਿਉਂਕਿ ਤਰੱਕੀ ਦਾ ਰਾਜ਼ ਹੀ ਰੁਕਾਵਟਾਂ ਵਿਚ ਲੁਕਿਆ ਪਿਆ ਹੈ। ਸਧਾਰਨ ਬੰਦਿਆਂ ਨਾਲੋਂ ਮਹਾਂ ਪੁਰਖਾਂ ਦੇ ਹਿੱਸੇ ਆਇਆ ਕਰਤੱਬ ਬਹੁਤ ਕਠਨ ਹੋਇਆ ਕਰਦਾ ਹੈ, ਇਸ ਵਾਸਤੇ ਉਹਨਾਂ ਦੇ ਰਾਹ ਵਿਚ ਰੁਕਾਵਟਾਂ ਦੇ ਭੀ ਪਹਾੜ ਹੀ ਆਇਆ ਕਰਦੇ ਹਨ । ਮਹਾਂ ਪੁਰਖਾਂ ਦੀ ਆਤਮਾ ਨਾਲ ਰੁਕਾਵਟਾਂ ਦੀ ਇਸ ਟੱਕਰ ਦਾ ਨਾਂ ਕਿਸੇ ਮਤ ਨੇ ਸ਼ੈਤਾਨ ਦੀ ਅਜ਼ਮਾਇਸ਼ ਤੇ ਕਿਸੇ ਨੇ ਕਲਜੁਗ ਦੀ ਪਰਖ ਰੱਖ ਲਿਆ ਹੈ।

ਰਾਜਕੁਮਾਰ ਸਿੱਧਾਰਥ ਦੁਨੀਆ ਵਿਚ ਰੋਗ, ਬੁਢੇਪਾ ਤੇ ਮੌਤ ਵੇਖ ਕੇ ਜਗਤ ਵਲੋਂ ਉਦਾਸ ਹੋਇਆ; ਛੇ ਸਾਲ ਕਠਨ ਤਪ ਕੀਤੇ, ਇਸ਼ਨਾਨ ਤੱਕ ਨਹੀਂ ਕੀਤਾ; ਭੁੱਖਾਂ ਇਤਨੀਆਂ ਜਰੀਆਂ ਕਿ ਤੁਰਨ ਫਿਰਨ ਦੀ ਸੱਤਿਆ ਨਾ ਰਹੀ। ਰਾਜਕੁਮਾਰ ਨੇ ਇਕ ਪਾਸੇ ਮਹਿਲਾਂ ਦੇ ਸੁਖ ਤੇ ਦੂਜੇ ਪਾਸੇ ਕਠਨ ਤਪਾਂ ਦੀ ਔਖਿਆਈ ਅਮਲੀ ਜੀਵਨ ਵਿਚ ਵੇਖ ਲਏ। ਦੋਹਾਂ ਪਾਸਿਆਂ ਨੂੰ ਤੋਲਣਾ ਇਨਸਾਨੀ ਮਨ ਵਾਸਤੇ ਕੁਦਰਤੀ ਗੱਲ ਹੈ। ਮਨ ਆਪਣੇ ਸੁਭਾਵ-ਅਨੁਸਾਰ ਸੁਖਾਂ ਵਾਲੇ ਪਾਸੇ ਲੈ ਜਾਣਾ ਚਾਹੁੰਦਾ ਹੈ, ਤੇ ਇਹ ਹੈ ਭੀ ਬੜਾ ਬਲਵਾਨ। ਪੰਚਮ ਪਾਤਸ਼ਾਹ ਇਸ ਦਾ ਹਾਲ ਇਉਂ ਬਿਆਨ ਕਰਦੇ ਹਨ —

ਕਵਨੁ ਕਵਨੁ ਨਹੀ ਪਤਰਿਆ, ਤੁਮਰੀ ਪਰਤੀਤਿ ॥
ਮਹਾ ਮੋਹਨੀ ਮੋਹਿਆ, ਨਰਕ ਕੀ ਰੀਤਿ ॥੧॥
ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ ॥੧॥ਰਹਾਉ॥ ਜਪ ਤਪ ਸੰਜਮ ਤੁਮ ਖੰਡੇ, ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ, ਨਿਰਲਜੇ ਭਾਂਡ ॥੨॥ ਹਰਿ ਸੰਗਿ ਸਹਾਈ ਮਹਾ ਮੀਤੁ, ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ, ਉਪਜਿਓ ਮਹਾ ਖੇਦੁ ॥੩॥ ਨਾਨਕ ਤਿਨ ਸੰਤਨ ਸਰਣਾਗਤੀ, ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ, ਪ੍ਰਭ ਜਨ ਕਉ ਦੀਨਾ ॥੪॥੨੮॥੫੮॥

[ਬਿਲਾਵਲੁ ਮਹਲਾ ੫

ਮਹਾਂ ਪੁਰਖ ਸਿੱਧਾਰਥ ਦੀਆਂ ਅੱਖਾਂ ਅਗੇ ਮਨ ਨੇ ਉਸ ਦਾ ਪਿਛਲਾ ਰਾਜ-ਮਹਿਲਾਂ ਵਾਲਾ ਸੁਖੀ ਜੀਵਨ ਲਿਆਉਣਾ ਸ਼ੁਰੂ ਕੀਤਾ, ਜਦੋਂ ਉਹ ਤਿਤਿੱਖਿਆ ਨਾਲ ਸਰੀਰ ਨੂੰ ਕਸ਼ਟ ਦੇ ਰਿਹਾ ਸੀ। ਪਰ ਝੱਖੜ ਪਰਬਤਾਂ ਨੂੰ ਹਿਲਾ ਨਹੀਂ ਸਕਦੇ। ਇਸ ਅੰਦਰਲੀ ਮਾਨਸਕ ਟੱਕਰ ਨੂੰ ਸਧਾਰਨ ਮਨੁੱਖ ਮਾਤਰ ਦੇ ਸਾਹਮਣੇ ਨਿੱਗਰ ਸ਼ਕਲ ਵਿਚ ਪੇਸ਼ ਕਰਨ ਲਈ ਉਨ੍ਹਾਂ ਦੇ ਜੀਵਨ-ਲਿਖਾਰੀਆਂ ਨੇ ਲਿਖਿਆ ਹੈ ਕਿ ਜਦੋਂ ਰਾਜਕੁਮਾਰ ਸਰੀਰਕ ਤੌਰ ਤੇ ਬਹੁਤ ਨਿਰਬਲ ਹੋ ਗਿਆ ਤਾਂ ('ਮਾਰ') ਸ਼ੈਤਾਨ ਨੇ ਆ ਕੇ ਮੁੜ ਰਾਜ-ਮਹਿਲਾਂ ਵਲ ਪਰਤਣ ਲਈ ਪ੍ਰੇਰਿਆ, ਪਰ ਸ਼ੈਤਾਨ ਕਾਮਯਾਬ ਨਾ ਹੋ ਸਕਿਆ।

ਹਜ਼ਰਤ ਈਸਾ ਤੀਹ ਸਾਲ ਦੀ ਉਮਰ ਦੇ ਸਨ,



www.AKJ.Org

ਜਦੋਂ ਉਹ ਆਪਣੇ ਵਤਨ ਦੀ ਨਿੱਘਰਦੀ ਹੋਈ ਹਾਲਤ ਵੇਖ ਕੇ ਦੇਸ਼-ਵਾਸੀਆਂ ਦੇ ਉੱਧਾਰ ਲਈ ਆਪਣੇ ਨਿੱਜੀ ਸੁਖ ਛੱਡ ਕੇ ਘਰੋਂ ਤੁਰ ਪਏ। ਇਨ੍ਹਾਂ ਦੇ ਜੀਵਨ-ਲਿਖਾਰੀ ਲਿਖਦੇ ਹਨ ਕਿ ਹਜ਼ਰਤ ਨੇ ਯੂਹੰਨਾ ਪਾਸੋਂ ਦੀਖਿਆ ਲਈ ਤੇ ਦੇਸ਼-ਉੱਧਾਰ ਦੇ ਕਠਨ ਕੰਮ ਨੂੰ ਸਿਰੇ ਚਾੜ੍ਹਨ ਲਈ ਜਿਸ ਆਤਮਕ ਤਿਆਰੀ ਦੀ ਲੋੜ ਸੀ, ਉਸ ਦੀ ਖ਼ਾਤਰ ਜੰਗਲ ਨੂੰ ਤੁਰ ਪਏ। ਮੁੱਢ ਤੋਂ ਹੀ ਕੁਦਰਤ ਦਾ ਨਿਯਮ ਚਲਿਆ ਆ ਰਿਹਾ ਹੈ ਕਿ ਉੱਚੇ ਜੀਵਨ ਵਾਲੇ ਮਹਾਂ ਪੁਰਖਾਂ ਤੋਂ ਹੀ ਸੋਹਣੇ ਇਨਸਾਨੀ ਜੀਵਨ ਬਣ ਸਕਦੇ ਹਨ। ਜਿਨ੍ਹਾਂ ਪਹਿਲਾਂ ਆਪਣੇ ਮਨ ਨੂੰ ਵੱਸ ਵਿਚ ਲਿਆਂਦਾ ਹੈ, ਉਹੀ ਦੂਜਿਆਂ ਨੂੰ ਸਤ ਸੰਤੋਖ ਪਵਿੱਤਰਤਾ ਵਾਲੇ ਜੀਵਨ ਦਾ ਉਪਦੇਸ਼ ਸਫਲਤਾ ਨਾਲ ਕਰ ਸਕਦੇ ਹਨ; ਜਿਹੜੇ ਆਪ ਪ੍ਰਭੂ-ਚਰਨਾਂ ਵਿਚ ਜੁੜਨਾ ਜਾਣਦੇ ਹਨ ਤੇ ਜੁੜਦੇ ਹਨ, ਉਹੀ ਦੂਜਿਆਂ ਨੂੰ ਉਸ ਪਾਸੇ ਪ੍ਰੇਰ ਸਕਦੇ ਹਨ। ਸਾਹਿਬ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਇਉਂ ਫ਼ੁਰਮਾਉਂਦੇ ਹਨ :

> ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥

ਸੋ, ਹਜ਼ਰਤ ਈਸਾ ਇਸ ਕੁਠਾਲੀ ਵਿਚ ਢਲਣ ਲਈ ਤੁਰ ਪਏ। ਪਰ, ਘਰ ਦੇ ਜੀਵਨ ਤੇ ਜੰਗਲ ਦੇ ਵਾਸ ਦਾ ਆਪੋ ਵਿਚ ਬੜਾ ਫ਼ਰਕ ਸੀ : ਭੁੰਞੇ ਸੌਣਾ ਤੇ ਭੁੱਖਾਂ ਕੱਟਣੀਆਂ ਤੇ ਹੋਰ ਕਈ ਔਖਿਆਈਆਂ। ਕੁਦਰਤੀ ਤੌਰ ਤੇ ਮਨ ਨੇ ਇਹ ਦੋਵੇਂ ਛਾਬੇ ਜਾਚਣੇ ਸਨ; ਭਰਮਾਂ ਵਹਿਮਾਂ ਵਿਚ ਫਸੇ ਹੋਏ ਆਮ ਬੰਦੇ, ਧਰਮ-ਅਸਥਾਨਾਂ ਦੇ ਪ੍ਰਬੰਧਕਾਂ ਨੇ ਧਰਮ ਤੇ ਧਰਮ-ਅਸਥਾਨਾਂ ਨੂੰ ਦੁਕਾਨਾਂ ਬਣਾਇਆ ਹੋਇਆ ਸੀ, ਸੋ ਦੋਹਾਂ ਧਿਰਾਂ ਵਲੋਂ ਵਿਰੋਧਤਾ ਹੋਣੀ ਕੁਦਰਤੀ ਸੀ। ਹਜ਼ਰਤ ਦੇ ਅੰਦਰ ਹੋ ਰਹੀ ਇਸ ਮਾਨਸਕ ਟੱਕਰ ਨੂੰ ਉਹਨਾਂ ਦੇ ਨਾਮ-ਲੇਵਾ ਲਿਖਾਰੀਆਂ ਨੇ ਇਉਂ ਬਿਆਨ ਕੀਤਾ ਕਿ ਜੰਗਲ ਵਿਚ ਬੈਠੇ ਹਜ਼ਰਤ ਸਾਹਿਬ ਨੂੰ ਸ਼ੈਤਾਨ ਨੇ ਆ ਕੇ ਅਜ਼ਮਾਉਣਾ ਸ਼ੁਰੂ ਕੀਤਾ, ਪਰ ਉਸ ਦੀ ਪੇਸ਼ ਨਾ ਗਈ।

ਕੁਰਾਨ ਸ਼ਰੀਫ਼ ਵਿਚ ਆਦਮ ਤੇ ਹਵਾ ਦੀ ਸਾਖੀ ਆਉਂਦੀ ਹੈ। ਬਹਿਸ਼ਤ ਵਿਚ ਸੁਖੀ ਰਹਿੰਦੇ ਇਸ ਪਹਿਲੇ ਮਨੁੱਖੀ ਜੋੜੇ ਪਾਸ ਭੀ ਸ਼ੈਤਾਨ ਆ ਅੱਪੜਿਆ, ਹਵਾ ਨੂੰ ਪ੍ਰੇਰਿਆ, ਜਿਸ ਨੇ ਆਦਮ ਪਾਸੋਂ ਗ਼ਲਤੀ ਕਰਾ ਦਿੱਤੀ ਤੇ ਦੋਵੇਂ ਬਹਿਸ਼ਤੋਂ ਧੱਕੇ ਗਏ। ਤਾਹੀਏਂ ਕੁਰਾਨ ਸ਼ਰੀਫ਼ ਵਿਚ ਹੁਕਮ ਹੈ : "ਲਾ ਤੱਤਾ ਬਿ ਊ ਖ਼ੁਤੁਵਾਤਿੱਸ਼ੈਤਾਨਿ," ਭਾਵ, (ਹੇ ਮਨੁੱਖ !) ਸ਼ੈਤਾਨ ਦੇ ਪੂਰਨਿਆਂ ਤੇ ਨਾ ਤੁਰ। ਬੱਸ ! ਜਿਸ ਭੀ ਮਨੁੱਖ ਨੇ ਆਪਣਾ ਰੁਖ ਮਨ ਵਲ ਕਰ ਲਿਆ, ਜਿਸ ਨੇ ਭੀ ਪ੍ਰਭੂ-ਚਰਨਾਂ ਵਿਚ ਜੁੜੀ ਹੋਈ ਮਤ ਦੀ ਅਗਵਾਈ ਛੱਡ ਕੇ ਮਨ ਨੂੰ ਰਹਿਬਰ ਬਣਾ ਲਿਆ, ਉਹ ਸ਼ੈਤਾਨ ਦੇ ਢਹੇ ਚੜ੍ਹ ਗਿਆ, ਤੇ ਮਨੁੱਖਾ-ਜਨਮ ਦੀ ਬਾਜ਼ੀ ਹਾਰ ਗਿਆ।

ਇਸ ਜਗਤ-ਬਾਗ਼ ਦਾ ਮਾਲਿਕ-ਪ੍ਰਭੂ ਇਸ ਫੁਲਵਾੜੀ ਦੀ ਰਾਖੀ ਤੇ ਪਰਵਰਿਸ਼ ਲਈ ਸਦਾ ਹੀ ਲੋੜ ਅਨੁਸਾਰ ਆਪਣੇ ਪਿਆਰੇ ਸੁਚੱਜੇ ਮਾਲੀ ਭੇਜਦਾ ਹੀ ਰਹਿੰਦਾ ਹੈ। ਫਿਰ, ਇਸ ਬੇਅੰਤ ਵੱਡੇ ਬਾਗ ਵਿਚ ਰੰਗਾ ਰੰਗ ਦੇ ਪੰਛੀ ਤੇ ਉਨ੍ਹਾਂ ਦੀਆਂ ਵੰਨੋ ਵੰਨ ਦੀਆਂ ਬੋਲੀਆਂ। ਸਾਰੇ ਜਗਤ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ ? ਇਸ ਆਪਣੀ ਹੀ ਧਰਤੀ ਵਲ ਵੇਖੋ, ਏਥੇ ਹੀ ਹਜ਼ਾਰਾਂ ਬੋਲੀਆਂ ਹਨ। ਸੋ, ਉਹ ਸਭ ਜੀਵਾਂ ਦੀ ਸੰਭਾਲ ਤੇ ਅਗਵਾਈ ਲਈ ਸਮੇਂ ਸਮੇਂ ਹਰੇਕ ਦੇਸ਼ ਵਿਚ ਆਪਣੇ ਪਿਆਰੇ ਭੇਜਦਾ ਰਹਿੰਦਾ ਹੈ। ਜਦੋਂ ਭਾਰਤ ਵਿਚ ਭੁਲੇਖਿਆਂ ਦੀ ਅੱਤ ਹੋ ਗਈ, ਤਾਂ ਏਥੇ ਭੀ —

"ਸਤਿਗੁਰੁ ਨਾਨਕੁ ਪ੍ਰਗਟਿਆ" ॥

ਹਜ਼ੂਰ ਦੀ ਉਮਰ ੩੮ ਕੁ ਸਾਲ ਦੀ ਸੀ, ਹਿੰਦੁਸਤਾਨ ਦੀ ਦਰਦਨਾਕ ਹਾਲਤ ਵੇਖ ਕੇ ਝੱਲ ਨਾ ਸਕੇ ਕਿ ਰੱਬ ਦੇ ਕਰੋੜਾਂ ਬੰਦੇ ਆਪਣੇ ਹੀ ਪੈਦਾ ਕੀਤੇ ਭਰਮ-ਭੁਲੇਖਿਆਂ ਦੇ ਹਨੇਰੇ ਵਿਚ ਠੇਡੇ ਖਾਈ ਜਾਣ ਤੇ ਆਪ ਆਪਣੇ ਘਰ ਦੇ ਸੁਖ ਵਿਚ ਬੈਠੇ ਰਹਿਣ। ਸੋ, ਘਰ ਦੇ ਸੁਖ ਛੱਡ ਕੇ, ਲੋਕਾਂ ਨੂੰ ਭਾਈਚਾਰਕ, ਆਤਮਕ ਤੇ ਰਾਜਨੀਤਕ ਤੌਰ ਤੇ ਉੱਚਾ ਕਰਨ ਲਈ ਚੱਲ ਪਏ।



www.AKJ.Org

ਭਾਈ ਗੁਰਦਾਸ ਜੀ ਲਿਖਦੇ ਹਨ —

ਬਾਬਾ ਦੇਖੈ ਧਿਆਨੁ ਧਰਿ,
ਜਲਤੀ ਸਭ ਪ੍ਰਿਥਮੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰੁ ਹੈ,
ਹੈ ਹੈ ਕਰਦੀ ਸੁਣੀ ਲੁਕਾਈ ॥
ਚੜਿਆ ਸੋਧਨ ਧਰਤਿ ਲੁਕਾਈ ॥

ਪਰ, ਇਹ ਕੋਈ ਸੌਖਾ ਕੰਮ ਨਹੀਂ ਸੀ, ਪੈਰੀਂ ਤੁਰ ਕੇ ਸਾਰੇ ਭਾਰਤ, ਅਰਬ, ਫ਼ਾਰਸ ਤੇ ਅਫ਼ਗਾਨਿਸਤਾਨ ਦੇ ਪੈਂਡੇ ਝਾਗਣੇ, ਇਹ ਤਕਲੀਫ਼ਾਂ ਉਹੀ ਸਮਝ ਸਕਦੇ ਹਨ ਜਿਨ੍ਹਾਂ ਨੂੰ ਸਾਲਾਂ-ਬੱਧੀ ਪੈਂਡੇ ਝਾਗਣੇ ਪੈਂਦੇ ਹੋਣ। ਕਿਤੇ ਮੀਲਾਂ ਤੱਕ ਰੇਤਾ ਹੀ ਰੇਤਾ, ਕਿਤੇ ਕੋਹਾਂ ਵਿਚ ਅੱਕ ਤੇ ਰੋੜ, ਕਈ ਕਈ ਦਿਨ ਭੁੱਖ ਤ੍ਰੇਹ ਵਿਚ ਹੀ ਲੰਘਣੇ। ਇਹਨਾਂ ਸਰੀਰਕ ਕਸ਼ਟਾਂ ਤੋਂ ਘਾਬਰ ਕੇ ਭਾਈ ਮਰਦਾਨਾ ਕਈ ਵਾਰੀ ਆਖ ਹੀ ਦਿਆ ਕਰਦਾ ਸੀ ਕਿ ਮੈਨੂੰ ਵਾਪਸ ਘਰ ਮੁੜ ਜਾਣ ਦਿਉ, ਮੈਂ ਕਿਤੇ ਅਣ-ਆਈ ਮੌਤੇ ਹੀ ਨਾ ਮਰ ਜਾਵਾਂ। ਫਿਰ, ਰਸਤੇ ਕਈ ਵਾਰੀ ਇਤਨੇ ਬਿਖੜੇ ਆ ਜਾਣੇ ਕਿ ਠੱਗਾਂ ਤੇ ਮਾਣਸ-ਖਾਣਿਆਂ ਦੇ ਢਹੇ ਚੜ੍ਹ ਜਾਣਾ। ਘਰ ਦੇ ਸੁਖੀ ਜੀਵਨ ਤੇ ਇਸ ਖਰ੍ਹਵੇ ਭਿਆਨਕ ਜੀਵਨ ਵਿਚ ਕੋਹਾਂ ਦੀ ਵਿੱਥ ਸੀ। ਇਸ ਅੰਦਰਲੀ ਮਾਨਸਕ ਟੱਕਰ ਨੂੰ ਭੀ ਸਤਿਗੁਰੂ ਜੀ ਦੇ ਨਾਮ-ਲੇਵਾ ਜੀਵਨ-ਲਿਖਾਰੀਆਂ ਨੇ 'ਕਲਜੁਗ ਦੀ ਪਰਖ' ਦੇ ਨਾਮ ਨਾਲ ਪੁਕਾਰਿਆ ਹੈ। ਲਿਖਦੇ ਹਨ ਕਿ ਹਜ਼ੂਰ ਨੂੰ ਕਲਜੁਗ ਨੇ ਆ ਕੇ ਭਰਮਾਉਣ ਦੇ ਜਤਨ ਕੀਤੇ। ਪ੍ਰਭੂ-ਨਾਮ ਤੋਂ ਖੁੰਝਿਆ ਹੋਇਆ ਜਗਤ ਵਿਕਾਰਾਂ ਤੇ ਖਹਿ-ਖਹਿ ਵਿਚ ਸੜ ਰਿਹਾ ਸੀ, ਪ੍ਰੀਤਮ ਸਤਿਗੁਰੂ ਜੀ "ਖੁਨਕ ਨਾਮੁ ਖੁਦਾਇਆ" ਦੀ ਯਾਦ ਦਾ ਆਪ ਅਨੰਦ ਮਾਣ ਰਹੇ ਸਨ ਤੇ ਭੁੱਲਿਆਂ ਨੂੰ ਇਸ ਰਸ ਵਿਚ ਜੋੜਨ ਲਈ ਇਹ ਲੰਮੇ ਦੂਰ-ਦੁਰੇਡੇ ਪੈਂਡਿਆਂ ਦੇ ਕਸ਼ਟ ਸਹਾਰ ਰਹੇ ਸਨ। ਜੀਵਨ-ਲਿਖਾਰੀ ਉਸ ਮਾਨਸਕ ਟੱਕਰ ਨੂੰ ਨਿੱਗਰ ਸ਼ਕਲ ਵਿਚ ਪੇਸ਼ ਕਰਨ ਲਈ ਲਿਖਦੇ ਹਨ ਕਿ ਕਲਜੁਗ ਨੇ ਇਸ ਇਰਾਦੇ ਤੋਂ ਰੋਕਣ ਦੀ ਕੋਸ਼ਿਸ਼ ਕੀਤੀ, ਕਦੇ ਸੋਹਣੇ ਘਰ ਦੇ ਵਸੇਬੇ ਦਾ ਚੇਤਾ ਕਰਾਏ, ਕਦੇ ਇਸਤ੍ਰੀ ਬੱਚੇ ਯਾਦ ਕਰਾਏ, ਕਦੇ ਘਰ ਦੇ ਆਗਿਆਕਾਰੀ ਨੌਕਰਾਂ ਦਾ ਖਿਆਲ ਦਿਵਾਏ, ਪਰ ਹਜ਼ੂਰ ਉੱਤੇ ਇਹਨਾਂ ਸੁਖਾਂ ਦਾ ਅਸਰ ਨਾ ਪੈ ਸਕਿਆ, ਫ਼ੁਰਮਾਇਓ ਨੇ :

ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ, ਲੀਪਿ ਆਵੈ ਚਾਉ ॥ ਮਤਿ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ ॥੧॥ਰਹਾਉ॥
.........ਸੁਲਤਾਨੁ ਹੋਵਾ ਮੇਲਿ ਲਸਕਰੁ, ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ, ਨਾਨਕਾ ਸਭ ਵਾਉ ॥ ਮਤਿ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥ [ਸਿਰੀ ਰਾਗੁ ਮਹਲਾ ੧

ਇਸ ਮਨ-ਕਲਜੁਗ ਦੀਆਂ ਚੋਟਾਂ ਦਾ ਟਾਕਰਾ ਕਰਨਾ ਹਰ ਇਕ ਬੰਦੇ ਦਾ ਕੰਮ ਨਹੀਂ ਹੈ, ਕੋਈ ਵਿਰਲੇ ਸੂਰਮੇ ਸਾਬਤ-ਕਦਮ ਰਹਿੰਦੇ ਹਨ, ਜਿਨ੍ਹਾਂ ਦੇ ਅੰਦਰ ਪ੍ਰਭੂ-ਨਾਮ ਦੀ ਟੇਕ ਹੈ। ਆਮ ਤੌਰ ਤੇ ਸਾਰੀ ਲੋਕਾਈ ਇਸੇ ਦੇ ਹੀ ਪੈਰ ਚੁੰਮ ਰਹੀ ਹੈ। ਪਰ ਮਨੁੱਖ ਦੀ ਢੀਠਤਾ ਭੀ ਕਮਾਲ ਦਰਜੇ ਤੇ ਅੱਪੜੀ ਹੋਈ ਹੈ, ਮਨ ਦੇ ਢਹੇ ਚੜ੍ਹ ਕੇ ਠੇਡੇ ਖਾਂਦਾ ਹੈ, ਭੁੱਲਾਂ ਕਰਦਾ ਹੈ ਤੇ ਆਪਣਾ ਨਮੂਜ ਬਣਾਈ ਰੱਖਣ ਲਈ ਇਹਨਾਂ ਭੁੱਲਾਂ ਤੇ ਵਿਕਾਰਾਂ ਦੀ ਜ਼ਿੰਮੇਵਾਰੀ ਆਪਣੇ ਉਤੇ ਨਹੀਂ ਆਉਣ ਦੇਣੀ ਚਾਹੁੰਦਾ। ਸਾਹਿਬ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਵਿਚ ਹਿੰਦੂ ਤੀਰਥਾਂ ਤੋਂ ਮਥਰਾ ਅੱਪੜੇ। ਭਾਈ ਮਰਦਾਨਾ ਨਾਲ ਹੀ ਸੀ, ਜੋ ਇਹਨਾਂ ਤੀਰਥਾਂ ਉੱਤੇ ਵੱਸਦੇ ਲੋਕਾਂ ਦੇ ਚਾਲੇ ਵੇਖਦਾ ਆਇਆ ਸੀ। ਏਥੇ ਅੱਪੜ ਕੇ ਭੀ ਓਹੀ ਭੇੜਾ ਹਾਲ ਵੇਖਿਓਸੁ, ਨਾ ਰਹਿ ਸਕਿਆ ਤੇ ਪੁਛਣ ਲੱਗਾ : ਪਾਤਸ਼ਾਹ ! ਇਹ ਅਜਬ ਖੇਡ ਹੈ ਕਿ ਆਮ ਲੋਕ ਤਾਂ ਦੂਰੋਂ ਦੂਰੋਂ ਚੱਲ ਕੇ ਤੀਰਥਾਂ ਨੂੰ ਪਵਿੱਤਰ ਸਮਝ ਕੇ ਏਥੇ ਦਰਸ਼ਨ ਲਈ ਆਉਂਦੇ ਹਨ ਤੇ ਇਸ ਨੂੰ ਵੱਡਾ ਪੁੰਨ ਮੰਨਦੇ ਹਨ, ਪਰ ਤੀਰਥਾਂ ਉੱਤੇ ਵੱਸਣ ਵਾਲੇ ਬੰਦੇ ਮੈਲੇ ਆਚਰਨ ਵਾਲੇ ਦਿਸ ਰਹੇ ਹਨ। ਅਜੇ ਸਤਿਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਸ ਦਾ ਕੋਈ ਉੱਤਰ ਦਿੱਤਾ ਨਹੀਂ ਸੀ ਕਿ ਪਾਸ ਖਲੋਤਾ ਹੋਇਆ ਓਥੋਂ ਦਾ ਵਸਨੀਕ ਇਕ ਪੰਡਤ ਬੋਲਿਆ ਕਿ ਭਾਈ ! ਤੈਨੂੰ ਪਤਾ ਨਹੀਂ ? ਅੱਜ ਕਲ੍ਹ ਕਲਜੁਗ ਦਾ ਪਹਿਰਾ ਹੈ, ਜੋ ਖ਼ਾਸ ਤੌਰ ਤੇ ਤੀਰਥਾਂ ਉੱਤੇ ਡੇਰਾ ਲਾਈ



www.AKJ.Org

ਬੈਠਾ ਹੈ, ਇਸ ਵਾਸਤੇ ਤੀਰਥਾਂ ਤੇ ਵੱਸਣ ਵਾਲੇ ਲੋਕ ਕੀ ਕਰਨ ?

ਜਦੋਂ ਕੋਈ ਮਨੁੱਖ ਆਪਣੇ ਚਲਨ ਨੂੰ ਸ਼ੁੱਧ ਕਰਨ ਦੇ ਥਾਂ ਆਪਣੇ ਐਬਾਂ ਦੀ ਮਜਬੂਰੀ ਵਾਸਤੇ ਕੋਈ ਹੋਰ ਹੋਰ ਢੁੱਚਰ ਭਾਲਣ ਲਗ ਪਏ ਤਾਂ ਇਹ ਸਮਝ ਲਵੋ ਕਿ ਇਸ ਦੇ ਭਾਗ ਹਰ ਗਏ, ਉਸ ਦੀ ਜੀਵਨ-ਤਰੱਕੀ ਦਾ ਰਾਹ ਬੰਦ ਹੋ ਗਿਆ । ਇਸੇ ਤਰ੍ਹਾਂ ਉਹ ਕੌਮਾਂ ਭੀ ਦਿਨੋ ਦਿਨ ਨਿੱਘਰਦੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਅਜਿਹੇ ਖ਼ਿਆਲ ਆਮ ਤੌਰ ਤੇ ਘਰ ਕਰ ਜਾਣ ।

ਉਸ ਪੰਡਤ ਦੀ ਇਹ ਢੁੱਚਰ ਸੁਣ ਕੇ ਹਜ਼ੂਰ ਨੇ ਕਿਹਾ, ਜਦ ਤੋਂ ਜਗਤ ਬਣਿਆ ਹੈ, ਪਉਣ ਧਰਤੀ ਸੂਰਜ ਚੰਦ ਆਦਿਕ ਸਾਰੇ ਵੈਸਾ ਹੀ ਕੰਮ ਕਰਦੇ ਚਲੇ ਆ ਰਹੇ ਹਨ, ਇਹਨਾਂ ਵਿਚ ਕਿਤੇ ਫ਼ਰਕ ਨਹੀਂ ਪਿਆ ਜਾਪਦਾ। ਅਸਲ ਗੱਲ ਇਹ ਹੈ ਕਿ ਮਨੁੱਖ ਆਪਣੀਆਂ ਵਾਸ਼ਨਾਂ ਵਧਾਈ ਜਾ ਰਿਰਾ ਹੈ, ਮਨ ਦਾ ਚਾਕਰ ਬਣਦਾ ਜਾ ਰਿਹਾ ਹੈ, ਇਸ ਮਿੱਠੀ-ਲਗਦੀ ਮਾਇਆ ਦਾ ਮੋਹ ਤਾਂ ਛੱਡਣਾ ਨਹੀਂ ਚਾਹੁੰਦਾ, ਪਰ ਦੋਸ਼ ਕਿਸੇ ਹੋਰ ਥਾਂ ਥੱਪਣ ਦੇ ਯਤਨ ਕਰਦਾ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਦਿਨੋ-ਦਿਨ ਵਧੀਕ ਖ਼ੁਆਰ ਹੁੰਦਾ ਹੈ । ਹਜ਼ੂਰ ਨੇ ਰਾਮਕਲੀ ਰਾਗ ਵਿਚ ਸ਼ਬਦ ਉਚਾਰਿਆ —

ਸੋਈ ਚੰਦੁ, ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ, ਕਲਿ ਲਖਣ ਵੀਚਾਰਿ ॥੧॥ਰਹਾਉ॥ ਕਿਤੈ ਦੇਸਿ ਨ ਆਇਆ ਸੁਣੀਐ, ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ, ਮਹਲ ਉਸਾਰਿ ਨ ਬੈਠਾ ॥੨॥ ਜੇ ਕੋ ਸਤੁ ਕਰੇ ਸੋ ਛੀਜੈ, ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ, ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ, ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ, ਜੇ ਗੁਣ ਦੇਹਿ ਤ ਪਾਈਐ ॥ਰਹਾਉ॥

ਪਰ, ਕਰਤਾਰ ਦੇ ਰੰਗ ! ਜਿਸ ਭੁਲੇਖੇ ਵਿਚੋਂ ਸੋਹਣੇ ਸਤਿਗੁਰੂ ਨੇ ਸਾਨੂੰ ਕੱਢਣ ਦਾ ਜਤਨ ਕੀਤਾ, ਅਸੀਂ ਉਸੇ ਗਲਤੀ ਵਿਚ ਮੁੜ ਡਿਗ ਰਹੇ ਹਾਂ ਤੇ ਇਸ ਦੀ ਜ਼ਿੰਮੇਵਾਰੀ ਭੀ ਇਕ ਅਜੀਬ ਤਰੀਕੇ ਨਾਲ ਆਪਣੇ ਦੋ ਜਹਾਨ ਦੇ ਵਾਲੀ ਉੱਤੇ ਹੀ ਸੁੱਟ ਰਹੇ ਹਾਂ । ਕਲਜੁਗ ਦੀ ਸਾਖੀ ਬਾਰੇ ਇਕ ਅਨੋਖੀ ਗੱਲ ਹੋਰ ਭੀ ਸੁਣਨ ਵਿਚ ਆਇਆ ਕਰਦੀ ਹੈ । ਸਤਿਗੁਰੂ ਜੀ ਨੂੰ ਕਲਜੁਗ ਆਖਣ ਲੱਗਾ—"ਹਜ਼ੂਰ ! ਇਹ ਤਾਂ ਮੇਰਾ ਪਹਿਰਾ ਹੈ, ਹੁਣ ਤੁਸੀਂ ਆ ਗਏ; ਮੈਂ ਕਿੱਥੇ ਜਾਵਾਂ ?" ਉੱਤਰ ਮਿਲਿਆ ਕਿ ਜਿਸ ਵਕਤ ਤੱਕ ਸੰਗਤ ਵਿਚ ਕਥਾ ਕੀਰਤਨ ਹੋ ਰਿਹਾ ਹੋਵੇ, ਤਦ ਤੱਕ ਤੂੰ ਬਾਹਰ ਜੋੜਿਆਂ ਵਿਚ ਖੜਾ ਰਹੁ, ਪਰਸ਼ਾਦ ਵਰਤਣ ਵੇਲੇ ਤੈਨੂੰ ਅੰਦਰ ਆਉਣ ਦੀ ਆਗਿਆ ਹੈ । ਤਾਹੀਏਂ ਜਦੋਂ ਦੀਵਾਨ ਦੀ ਸਮਾਪਤੀ ਤੇ ਪਰਸ਼ਾਦ ਵਰਤੀਂਦਾ ਹੈ ਤੇ ਬੱਚੇ ਤਾਂ ਕਿਤੇ ਰਹੇ, ਕਈ ਕਈ ਸਿਆਣੇ ਬਿਆਣੇ ਭੀ ਸੰਤੋਖ-ਹੀਨ ਹੋ ਜਾਂਦੇ ਹਨ, ਤਾਂ ਪ੍ਰਬੰਧਕ ਤੇ ਵਰਤਾਵੇ ਹੱਸ ਕੇ ਕਹਿ ਦਿਆ ਕਰਦੇ ਹਨ ਕਿ ਹੁਣ ਕਲਜੁਗ, ਜੋ ਪਹਿਲਾਂ ਜੋੜਿਆਂ ਵਿਚ ਖੜਾ ਸੀ, ਅੰਦਰ ਆ ਗਿਆ ਹੈ । ਇਸ ਦਾ ਨਤੀਜਾ ਕੀ ਨਿਕਲ ਰਿਹਾ ਹੈ ? ਅਸੀਂ ਆਪਣੇ ਦੀਵਾਨਾਂ ਵਿਚ ਆਪਣੀ ਇਸ ਹਾਸੋਹੀਣੀ ਹਾਲਤ ਨੂੰ ਠੀਕ ਤਰ੍ਹਾਂ ਮਹਿਸੂਸ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ, ਜਿਹੜੇ ਸਤ ਸੰਤੋਖ ਦਾ ਜੀਵਨ ਬਣਾਉਣ ਲਈ ਸਤ-ਸੰਗ ਦੇ ਸਾਰੇ ਸਮੇਂ ਵਿਚ ਉਪਦੇਸ਼ ਹੁੰਦਾ ਰਹਿੰਦਾ ਹੈ, ਅਸੀਂ ਉਸ ਨੂੰ ਨਿੱਕੀ ਜਿਹੀ ਗੱਲ ਪਿਛੇ ਉਥੇ ਬੈਠੇ ਹੀ ਭੁਲਾ ਦੇਂਦੇ ਹਾਂ ।

ਸਾਹਿਬ ਕਲਗੀਧਰ ਜੀ ਕਈ ਵਾਰੀ ਬੜੇ ਹਾਸ-ਰਸ ਦੇ ਤਰੀਕੇ ਨਾਲ ਆਪਣੇ ਸਿਖਾਂ-ਪੁੱਤਰਾਂ ਨੂੰ ਜੀਵਨ ਦੀ ਰਮਜ਼ ਸਮਝਾਇਆ ਕਰਦੇ ਸਨ । ਇਕ ਦਿਨ ਦੀਵਾਨ ਦੀ ਸਮਾਪਤੀ ਤੇ ਪਰਸ਼ਾਦ ਵਰਤਣ ਵੇਲੇ ਹੁਕਮ ਕੀਤੋਨੇ ਕਿ ਅੱਜ ਪਰਸ਼ਾਦ ਵਰਤਾਉਣਾ ਨਹੀਂ ਹੈ । ਖ਼ਾਲਸਾ ਜੀ ! ਤੁਸੀਂ ਆਪ ਹੀ ਪਰਸ਼ਾਦ ਲੁੱਟ ਲਵੋ । ਬੱਸ ਫਿਰ ਕੀ ਸੀ ? ਗੁਰੂ ਵਲੋਂ ਹੁਕਮ ਅਤੇ ਖੁਲ੍ਹੇ ਗੱਫੇ । ਜਿਹੜੇ ਸਿਖ ਹੁਣ ਤੱਕ ਸ਼ਾਂਤੀ ਤੇ ਸੰਤੋਖ ਨਾਲ ਬਾਣੀ ਦਾ ਰਸ ਮਾਣ ਰਹੇ ਸਨ, ਉਹ ਤ੍ਰਿਸ਼ਨਾਲੂਆਂ ਵਾਂਗ ਭਰੇ ਕੜਾਹਿਆਂ ਤੇ ਟੁੱਟ ਪਏ । ਬੜੀ ਬੇ-ਹਸੀ ਹੋਈ, ਪਰਸ਼ਾਦ ਪੈਰਾਂ ਵਿਚ ਭੀ



www.AKJ.Org

ਰੁਲਿਆ। ਕਲਗੀਧਰ ਪਾਤਸ਼ਾਹ ਭੀ ਕੁਝ ਅਜੀਬ ਰੰਗ ਵਿਚ ਇਹ ਘਟਨਾ ਵੇਖਦੇ ਰਹੇ, ਕੁਝ ਸਿੰਘ ਭੀ ਬੈਠੇ ਇਹ ਗੱਲ ਤੱਕਦੇ ਰਹੇ ਤੇ ਉਸ ਲੁਟ ਵਿਚ ਸ਼ਾਮਲ ਨਾ ਹੋਏ। ਸਤਿਗੁਰੂ ਜੀ ਨੇ ਉਨ੍ਹਾਂ ਸਿੰਘਾਂ ਨੂੰ ਭੀ ਮੁੜ ਆਖਿਆ ਕਿ ਤੁਸੀਂ ਭੀ ਉਠ ਕੇ ਪਰਸ਼ਾਦ ਲੁੱਟੋ; ਪਰ ਉਹ ਨਾ ਉਠੇ। ਜਦੋਂ ਇਹ ਖੇਡ ਖ਼ਤਮ ਹੋਈ, ਤਾਂ ਸਤਿਗੁਰੂ ਜੀ ਨੇ ਭਰੇ ਦੀਵਾਨ ਵਿਚ ਅਕਾਲ-ਪੁਰਖ ਦਾ ਧੰਨਵਾਦ ਕਰਦਿਆਂ ਆਖਿਆ ਕਿ ਗੁਰੂ ਨਾਨਕ ਦੇਵ ਜੀ ਦਾ ਬੀਜਿਆ ਹੋਇਆ ਸੰਤੋਖ ਦਾ ਬੀਜ ਵਧ ਫੁਲ ਰਿਹਾ ਹੈ, ਕਿਉਂਕਿ ਸੰਗਤ ਵਿਚ ਕਾਫ਼ੀ ਸਿੰਘ ਐਸੇ ਨਿਤਰੇ ਹਨ ਜੋ ਸੰਤੋਖ ਛਡ ਕੇ ਲੁੱਟ ਵਿਚ ਸ਼ਾਮਲ ਨਹੀਂ ਹੋਏ। ਇਹੀ ਕੌਤਕ ਦਸਦਾ ਹੈ ਕਿ ਕਿਸੇ ਕਲਜੁਗ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਕੜਾਹ ਪਰਸ਼ਾਦ ਵਰਤਣ ਵੇਲੇ ਗੁਰਦੁਆਰੇ ਦੇ ਅੰਦਰ ਆਉਣ ਦੀ ਆਗਿਆ ਨਹੀਂ ਦਿੱਤੀ ਹੋਈ।

ਸਾਖੀਆਂ ਤੇ ਕਹਾਣੀਆਂ ਤਾਂ ਭਲਾ ਜੀਵਨ ਤੇ ਅਸਰ ਕਰਿਆ ਹੀ ਕਰਦੀਆਂ ਹਨ, ਲਫ਼ਜ਼ ਭੀ ਸਮੇਂ ਅਨੁਸਾਰ ਪਹਿਲੇ ਅਰਥ ਵਟਾ ਕੇ ਜੀਵਨ ਉਤੇ ਚੰਗਾ ਜਾਂ ਮੰਦਾ ਪਰਭਾਵ ਪਾ ਦੇਂਦੇ ਹਨ। ਸੰਸਕ੍ਰਿਤ ਦਾ ਲਫ਼ਜ਼ "ਕੁਮਾਰੀ" ਬੜੇ ਪੁਰਾਣੇ ਸਮੇਂ ਤੋਂ ਆ ਰਿਹਾ ਹੈ, ਲਤਾ-ਕੁਮਾਰੀ, ਰਾਜ-ਕੁਮਾਰੀ ਆਦਿਕ ਲਫ਼ਜ਼ ਸਹਿਜ ਸੁਭਾਇ ਸੁਣਨ ਵਾਲੇ ਮਨੁੱਖ ਦੇ ਸਾਹਮਣੇ ਕਿਸੇ ਸੁੰਦਰੀ ਦੀ ਕੋਮਲਤਾ ਦਾ ਖ਼ਿਆਲ ਲੈ ਆਉਂਦੇ ਹਨ। ਪਰ, ਜਦੋਂ ਇਸੇ ਲਫ਼ਜ਼ ਨੂੰ ਇਸ ਦੇ ਪ੍ਰਾਕ੍ਰਿਤ ਦੇ ਰੂਪ "ਕੁਆਰਿ" ਵਿਚੋਂ ਲੈ ਕੇ ਸ਼ਾਹਿਬ ਕਲਗੀਧਰ ਜੀ ਨੇ "ਕੌਰ" ਰੂਪ ਵਿਚ ਵਰਤਿਆ ਤਾਂ ਰਾਮ ਕੌਰ ਆਦਿਕ ਲਫ਼ਜ਼ ਕਿਸੇ ਸ਼ੇਰਨੀ ਦਲੇਰ ਇਸਤ੍ਰੀ ਦਾ ਪਰਭਾਵ ਪਾਉਣ ਲੱਗ ਪਿਆ। ਸੰਸਕ੍ਰਿਤ ਦਾ ਲਫ਼ਜ਼ 'ਸਾਧੂ' ਭਲਾਈ ਜਾਂ ਭਲੇ ਮਨੁੱਖ ਵਾਸਤੇ ਵਰਤੀਂਦਾ ਆ ਰਿਹਾ ਹੈ; ਕਦੇ ਸਾਧੂਕਾਰ ਉਸ ਭਲੇ ਮਨੁੱਖ ਨੂੰ ਕਹੀਦਾ ਸੀ ਜੋ ਖ਼ਲਕਤ ਦੀ ਸੇਵਾ ਵਾਸਤੇ ਖੂਹ, ਬਉਲੀ, ਸਰਾਂ ਆਦਿਕ ਬਣਵਾਏ। ਪਰ, ਸਮਾਂ ਪੈਣ ਤੇ ਇਸੇ ਲਫ਼ਜ਼ ਦਾ ਪ੍ਰਾਕ੍ਰਿਤ-ਰੂਪ 'ਸ਼ਾਹੂਕਾਰ' ਅੱਜ ਉਸ ਮਨੁੱਖ ਦਾ ਨਕਸ਼ਾ ਪੇਸ਼ ਕਰਦਾ ਹੈ ਜਿਸ ਨੇ ਵਿਆਜ ਲੈ ਲੈ ਕੇ ਗਰੀਬਾਂ ਦਾ ਲਹੂ ਪੀਤਾ ਹੋਇਆ ਹੋਵੇ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ "ਦੇਗ" ਸਾਰੀ ਧਰਤੀ ਤੇ ਰੌਸ਼ਨ ਹੋ ਚੁਕੀ ਹੈ; ਹਰੇਕ ਸਿਖ ਅਰਦਾਸ ਵੇਲੇ ਉਹਨਾਂ ਗੁਰਮੁਖਾਂ ਦਾ ਨਾਮ ਫ਼ਖ਼ਰ ਨਾਲ ਚੇਤੇ ਕਰਦਾ ਹੈ, ਜਿਹੜੇ 'ਦੇਗ' ਚਲਾਉਂਦੇ ਆਏ ਹਨ। ਅੱਜ ਕਿਤੇ ਕਿਤੇ ਭੰਗ ਦੇ ਮਤਵਾਲੇ ਸਿੱਖ ਭੰਗ ਘੋਟ ਕੇ ਸਰਦਾਈ ਤਿਆਰ ਕਰ ਕੇ 'ਅਰਦਾਸ' ਕਰਦੇ ਹਨ ਤੇ ਇਸ ਸਰਦਾਈ ਨੂੰ 'ਦੇਗ' ਆਖ ਕੇ ਸਿੱਖ ਚਲਨ ਦੇ ਉਚੇ ਨਿਸ਼ਾਨੇ ਨਾਲ ਸੰਬੰਧ ਰਖਣ ਵਾਲੇ ਇਸ ਲਫ਼ਜ਼ ਨੂੰ ਅੰਞਾਣ-ਪੁਣੇ ਵਿਚ ਨੀਵਾਂ ਕਰਨ ਦੇ ਭਾਗੀ ਬਣ ਰਹੇ ਹਨ। ਅਜਿਹਾ ਹੀ ਭੁਲੇਖਾ ਚੋਟੀ ਦੇ ਇਕ ਸਿਖ ਅਖ਼ਬਾਰ ਨੇ ਖਾਧਾ, ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਨੇਕਾਂ ਵਾਰੀ ਵਰਤੇ ਹੋਏ ਮਹਾਂਵਾਕ 'ਸੁਖਨਿਧਾਨੁ' ਨੂੰ 'ਭੰਗ' ਦੇ ਅਰਥ ਵਿਚ ਵਰਤਣਾ ਸ਼ੁਰੂ ਕਰ ਦਿਤਾ।

---

[ਨੋਟ :—ਕਲਜੁਗ ਕੀ ਹੈ ? ਪੰਜ ਵਿਕਾਰਾਂ ਦੀ ਪਰਬਲਤਾ ਦੇ ਅਧੀਨ ਮਨੁੱਖਾਂ ਦਾ, ਮਨਮਤ ਤੇ ਵਿਕਾਰੀ ਰੁਚੀਆਂ ਵਿਚ ਫਸ ਕੇ ਖਜਲ-ਖੁਆਰ ਹੋਣਾ, ਅਤੇ ਆਪਣੇ ਅਸਲੇ ਤੇ ਅਸਲ ਜੀਵਨ-ਮਨੋਰਥ ਤੋਂ ਦੂਰ-ਦੁਰਾਡੇ ਅੰਧਕਾਰ ਵਲ ਵਧੀ ਜਾਣਾ, ਇਹ ਸਭ ਕਲਜੁਗੀ ਵਰਤਾਰਾ ਹੈ। ਇਸ ਤੋਂ ਉਲਟ ਜੋ ਸੱਚ ਦੇ ਢੂੰਡਾਊ ਹਨ ਉਹ ਆਪਣੀ ਮਨਮਤ ਦੀ ਥਾਂ ਗੁਰੂ-ਪਰਮੇਸ਼ਰ ਦੀ ਓਟ ਲੈਂਦੇ ਹਨ ਅਤੇ ਉਸ ਦੇ ਭੈ ਵਿਚ ਵਿਚਰਦੇ ਹਨ ਤੇ ਸਦਾ ਹੀ ਉਸ ਦੇ ਆਸਰੇ-ਪਰਨੇ ਰਹਿੰਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਕਲਜੁਗ ਨਹੀਂ ਪੋਂਹਦਾ, ਉਹ ਸੱਚੇ ਪ੍ਰਭੂ ਦੀ ਰਹਿਨੁਮਾਈ ਵਿਚ ਵਿਚਰਦੇ ਹੋਏ ਸਦਾ ਸਤ ਸੰਤੋਖ ਵਿਚ ਰਹਿੰਦੇ ਹਨ।

—ਸੰਪਾਦਕ]

**ਜ਼ਰੂਰੀ ਸੂਚਨਾ—** 'ਸੂਰਾ' ਮਾਸਕ ਪੱਤਰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਡਾਕੇ ਪਾ ਦਿਤਾ ਜਾਂਦਾ ਹੈ। ਕਈ ਪਰਚੇ ਡਾਕ ਵਿਚ ਗੁੰਮ ਕੀਤੇ ਜਾਂਦੇ ਹਨ। ਜਿਨ੍ਹਾਂ ਸਜਣਾਂ ਨੂੰ ਦਸ ਤਰੀਕ ਤਕ ਪਰਚਾ ਨਾ ਪੁਜੇ, ਹੋਰ ਪਰਚਾ ਭੇਜਣ ਲਈ ਕਾਰਡ ਲਿਖ ਦਿਓ ਜੀ।



www.AKJ.Org

# ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅਸੀਂ ਗੁਰਬਾਣੀ ਦੇ ਸ਼ਰਧਾਲੂ ਭੀ ਸਦਾਉਂਦੇ ਹਾਂ ਅਤੇ ਗੁਰੂ ਘਰ ਦੇ ਪ੍ਰੇਮੀ ਭੀ। ਪਰ ਕੀ ਕਦੇ ਗੁਰਮਤਿ ਸੰਬੰਧੀ ਗੂੜ੍ਹ ਪ੍ਰੰਤੂ ਸਪਸ਼ਟ ਆਸ਼ੇ ਪੂਰਤ ਗੁਰਵਾਕਾਂ ਦੇ ਭਾਵ ਨੂੰ ਦਿੱਬ ਅਤੇ ਡੂੰਘੀ ਵਿਚਾਰ ਸਹਿਤ ਵਿਚਾਰ ਕੇ, ਅਤੇ ਇਸ ਵਿਚਾਰ ਪੂਰਤ ਗੁਰਮਤਿ ਦੇ ਸਾਰ-ਆਸ਼ੇ ਨੂੰ ਆਪਣੇ ਜੀਵਨਾਂ ਉਤੇ ਘਟਾ ਕੇ ਭੀ ਦੇਖਿਆ ਹੈ ? ਜੇ ਨਹੀਂ ਦੇਖਿਆ ਤਾਂ ਆਓ ਅਜ ਅਸੀਂ ਵੰਨਗੀ ਮਾਤ੍ਰ ਉਪਰਲੇ ਸੁਰਖੀ ਵਾਲੇ ਗੁਰਵਾਕ ਦੇ ਸਾਰ-ਭਾਵ ਅੰਦਰ ਚੁੱਭੀ ਮਾਰ ਕੇ ਅਤੇ ਇਸ ਸਾਰ-ਭਾਵ ਤੋਂ ਸਪਸ਼ਟ ਹੋਈ ਗੁਰਮਤਿ-ਕਸਵੱਟੀ ਅਨੁਸਾਰ ਆਪੋ ਆਪਣੀ ਅ ਤਮ ਕ ਬਵਸਥਾ ਨੂੰ ਨਿਹਾਰ ਕੇ ਦੇਖੀਏ। ਇਸ ਸਿਰਲੇਖ ਦੀ ਸੋਭਾ ਵਿਚ ਸਸ਼ੋਭਤ ਹੋਏ ਗੁਰਵਾਕ ਨੂੰ ਸੁਗਮ ਦ੍ਰਿਸ਼ਟੀ ਸੇਤੀ ਨਿਹਾਰਨ ਨਾਲ ਪ੍ਰਿਥਮ ਹੀ ਜੋ ਭਾਵ ਇਸ ਗੁਰਵਾਕ ਦਾ ਸਪਸ਼ਟ ਹੁੰਦਾ ਹੈ, ਉਹ ਇਹ ਹੈ ਕਿ "ਹਉਮੈ" ਹੰਗਤਾ ਅਤੇ "ਨਾਮ" ਦਾ ਪਰਸਪਰ ਵਿਰੋਧ ਹੈ। ਜਿਥੇ 'ਹਉਮੈ' ਦਾ ਨਿਵਾਸ ਹੈ ਉਥੇ ਨਾਮ ਦਾ ਨਿਵਾਸ ਨਹੀਂ। ਜਿਥੇ ਨਾਮ ਦਾ ਨਿਵਾਸ ਹੈ ਉਥੇ 'ਹਉਮੈ' ਦਾ ਬਿਨਾਸ ਹੈ। ਜਿਸ ਹਿਰਦੇ ਵਿਖੇ, ਜਿਸ ਅਸਥਾਨ ਵਿਖੇ, ਜਿਸ ਭੂਮਕਾ ਵਿਖੇ, ਜਿਸ ਮੰਡਲ ਵਿਖੇ 'ਹਉਮੈ' ਦਾ ਬਸੇਰਾ ਹੈ, ਤਿਸ ਹਿਰਦੇ, ਤਿਸ ਅਸਥਾਨ, ਤਿਸ ਭੂਮਕਾ, ਤਿਸ ਮੰਡਲ ਵਿਖੇ ਨਾਮ ਦਾ ਨਮੂਦ ਨਹੀਂ; ਅਤੇ ਜਿਸ ਹਿਰਦੇ, ਜਿਸ ਅਸਥਾਨ, ਜਿਸ ਭੂਮਕਾ, ਜਿਸ ਮੰਡਲ ਵਿਖੇ ਨਾਮ ਦਾ ਵਾਸਾ ਹੈ, ਤਿਥੇ 'ਹਉਮੈ' ਦਾ ਨਾਉਂ ਥੇਹ ਨਹੀਂ ਰਹਿੰਦਾ। ਜਿਥੇ ਹਉਮੈ ਹੈ, ਉਥੇ ਨਾਮ ਦਾ ਅਭਾਵ ਹੈ। ਦੋਈ ਇਕ ਸਮੇਂ ਅੰਦਰ ਇਕੋ ਅਸਥਾਨ ਵਿਖੇ ਨਹੀਂ ਰਹਿ ਸਕਦੇ। ਜਿਥੇ 'ਹਉਮੈ' ਦਾ ਪਸਾਰਾ ਹੈ ਉਥੇ ਨਾਮ ਦਾ ਵਰਤਾਰਾ ਨਹੀਂ ਹੈ। ਜਿਥੇ ਨਾਮ ਦਾ ਵਰਤਾਰਾ ਹੈ ਉਥੇ ਹਉਮੈ ਦਾ ਪਸਾਰਾ ਨਹੀਂ। ਇਹ ਭਾਵ-ਅਰਥ ਤਾਂ ਸਾਫ਼ ਸਪਸ਼ਟ ਹਨ, ਪਰੰਤੂ 'ਹਉਮੈ' ਅਤੇ 'ਨਾਮ' ਪਦਾਂ ਦੀ ਵਿਆਖਿਆ ਦੀ ਨਿਰਣੇ-ਪੂਰਤ ਲੋੜ ਹੈ। ਇਸ ਨਿਰਣੇ ਬਿਹੂਣ ਅਸਾਨੂੰ ਲਾਭ, ਅਸਲੀ ਸਾਰ-ਲਾਭ ਨਹੀਂ ਪਹੁੰਚਣਾ।

ਲਓ ਪਹਿਲਾਂ 'ਹਉਮੈ' ਦੀ ਵਿਆਖਿਆ ਕਰੀਏ। 'ਹਉਮੈ' ਦਾ ਆਮ ਅਰਥ ਹੰਗਤਾ ਹੈ; ਜਿਸ ਨੂੰ ਦੂਜੇ ਪਦਾਂ ਵਿਚ ਮੈਂ-ਮੇਰੀ ਆਖਦੇ ਹਨ। ਉਸ ਮੈਂ-ਮੇਰੀ ਦੀ ਘੁੰਮਣ-ਘੇਰੀ ਵਿਚ ਜਦ ਤਾਈਂ ਕਿ ਪ੍ਰਾਣੀ ਭੰਬਲ-ਭੂਸੇ ਖਾਂਦਾ ਹੈ ਤਦ ਤਾਈਂ ਜਾਣੋਂ ਭਰਮ ਹੀ ਭਰਮ ਵਿਚ ਭਟਕਦਾ ਫਿਰਦਾ ਹੈ। ਕਾਜ ਉਸ ਦਾ ਕੁਝ ਨਹੀਂ ਸਰਦਾ, ਯਥਾ ਗੁਰਵਾਕ —

ਜਬ ਲਗੁ ਮੇਰੀ ਮੇਰੀ ਕਰੈ ॥
ਤਬ ਲਗੁ ਕਾਜੁ ਏਕੁ ਨਹੀ ਸਰੈ ॥

ਇਸ 'ਮੈਂ-ਮੇਰੀ' ਦੇ ਬੰਧਨ ਵਿਚ ਬੰਧਿਆ ਹੋਇਆ ਅਤੇ ਇਸ ਮੈਂ-ਮੇਰੀ ਦੀ ਹਨੇਰੀ ਵਿਚ ਅੰਨ੍ਹਾ ਹੋਇਆ ਹੋਇਆ ਪ੍ਰਾਣੀ ਅੱਕੀਂ-ਪਲਾਹੀਂ ਹੱਥ ਪਾਉਂਦਾ ਹੈ। ਮੈਂ-ਮੇਰੀ ਧਾਰ ਕੇ ਹੀ ਸੰਸਾਰ ਦੀ ਸਰਬ ਸਮਗਰੀ ਨੂੰ ਸਮੇਟ ਕੇ ਆਪਣੀ ਬਣੀ ਲੋੜ ਦੀ ਲਾਲਸਾ ਵਿਚ ਚੱਤੋ ਪਹਿਰ ਲਗਿਆ ਰਹਿੰਦਾ ਹੈ ਅਤੇ ਲੋਭ-ਲਹਿਰ ਦਾ ਗ੍ਰਸਿਆ ਹੋਇਆ ਦਸੋ ਦਿਸ ਧਾਂਵਦਾ ਫਿਰਦਾ ਹੈ। ਇਸ ਮੈਂ-ਮੇਰੀ ਵਿਚ ਫਾਥਿਆ ਹੋਇਆ ਹੀ ਮੋਹ-ਮਮਤਾ ਦਾ ਪੈਖੜ ਪੈਰੀਂ ਪਾ ਬਹਿੰਦਾ ਹੈ, ਅਤੇ ਕੂੜਾਵੀ ਆਸਾ-ਤ੍ਰਿਸ਼ਨਾ ਦੀ ਜੇਵੜੀ ਨਾਲ ਆਪਣਾ-ਆਪ ਜਕੜ ਲੈਂਦਾ ਹੈ। ਪਰ-ਧਨ, ਪਰ-ਤਨ ਹਿਰਨ ਦੀ ਬਿਆਧ ਜੋ ਉਪਜਦੀ ਹੈ ਤਾਂ ਇਸੇ ਮੈਂ-ਮੇਰੀ ਤੋਂ। ਗੱਲ ਕੀ, ਕਾਮ ਕਰੋਧ ਅਨੇਕ ਪ੍ਰਕਾਰ ਦੇ ਅਉਗੁਣਾਂ ਵਿਚ ਗ੍ਰਸਤ ਕਰ ਕੇ ਇਹੋ ਮੈਂ-ਮੇਰੀ ਪ੍ਰਾਣੀ ਨੂੰ ਅਨੇਕ ਦਰ ਖੱਜਲ-ਖੁਆਰ ਕਰਾਉਂਦੀ ਫਿਰਦੀ ਹੈ। ਇਸ ਮੈਂ-ਮੇਰੀ 'ਹਉਮੈ' ਰੋਗ ਦਾ ਗ੍ਰਸਿਆ ਹੋਇਆ ਪ੍ਰਾਣੀ ਆਪਣੀ ਆਯੂ ਨੂੰ ਐਵੇਂ ਅਕਾਰਥ ਅਤੇ ਅਜਾਈਂ ਹੀ ਬਤੀਤ ਕਰ ਦਿੰਦਾ ਹੈ। ਅਤੇ ਜੂਏ ਜਨਮ ਹਾਰ ਕੇ ਦੋਈ ਹਥ ਝਾੜ ਇਸ ਸੰਸਾਰ ਤੋਂ ਜੁਆਰੀਆਂ ਵਤ, ਰੰਕ ਦਾ ਰੰਕ ਹੀ ਉਠ ਜਾਂਦਾ ਹੈ, ਹੱਥ ਪੱਲੇ ਕਖ ਨਹੀਂ ਰਹਿੰਦਾ।

ਇਸ 'ਹਉਮੈ' ਰੋਗ ਦਾ ਨਾਉਂ ਆਪਾ-ਪ੍ਰਸਤੀ ਹੈ। ਅਤੇ ਉਪਰਲੇ ਸਿਰਲੇਖ-ਪਰਮਾਣ ਅੰਦਰ ਜੋ ਹਉਮੈ ਦਾ ਨਾਵੈ ਨਾਲ ਵਿਰੋਧ ਦਸਿਆ ਹੈ, ਸੋ ਉਸ 'ਹਉਮੈ'



www.AKJ.Org

ਤੋਂ ਮੁਰਾਦ ਆਪਾ-ਪ੍ਰਸਤੀ ਹੀ ਹੈ । ਜਿਥੇ ਆਪਾ-ਪ੍ਰਸਤੀ ਹੈ ਉਥੇ ਨਾਮ ਕਿਥੇ ? ਆਪਾ ਵਾਰ ਕੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ । ਆਪੇ ਨੂੰ ਹਉਮੈ ਛਡੇ ਬਿਨਾਂ ਨਾਮ ਵਲ ਲਗਣਾ ਹੀ ਅਤੀ ਅਸੰਭਵ ਹੈ । ਇਸ ਆਪੇ ਨੂੰ ਹੋਮਣ ਹਿਤ ਕਿਹੜੀ ਕਾਰ ਕਰਨੀ ਲੋੜੀਦੀ ਹੈ, ਜਿਸ ਤੋਂ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ? ਸੋ ਕਾਰ ਇਹ ਹੈ, ਜੈਸਾ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਯਥਾ ਗੁਰਵਾਕ--

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥ ਗੁਰੂ ਦੁਆਰੈ ਹੋਇ ਕੈ ਸਾਹਿਬੁ ਸਮਾਲੇਹੁ ॥ ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥ ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਇਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥ ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥

|ਮ: ੪, ਬਿਹਾਗੜੇ ਕੀ ਵਾਰ

ਸੋ ਸਤਿਗੁਰ ਦਾ ਇਹ ਫ਼ੁਰਮਾਨ ਹੈ ਆਪਾ ਹੋਮਣ ਹਿਤ, ਸੱਚੀ ਕਾਰ ਕਰਨ ਪ੍ਰਥਾਇ । ਇਸ ਆਪਾ ਹੋਮਣ ਦਾ ਕੇਵਲ ਇਹੋ ਉਪਾਉ ਹੈ ਕਿ ਗੁਰੂ ਨੂੰ ਧਾਰਨ ਕਰੇ, ਅਰਥਾਤ ਗੁਰੂ ਦਾ ਸਿਖ ਬਣੇ । "ਸਿਖੀ ਸਿਖਿਆ ਗੁਰ ਵੀਚਾਰਿ" ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦੀ ਸਿਖਿਆ ਧਾਰਨਹਾਰਾ ਹੀ ਗੁਰੂ ਦਾ ਸਿਖ ਸਦਵਾ ਸਕਦਾ ਹੈ । ਜਦ ਤੀਕਰ ਇਹ ਗੁਰ-ਸਿਖਿਆ ਪ੍ਰਾਪਤ ਨਹੀਂ ਹੁੰਦੀ ਤਦ ਤੀਕਰ ਪ੍ਰਾਣੀ ਆਪਣੇ ਮਨ ਦੀ ਸਿਖਿਆ ਮੂਜਬ ਹੀ ਚਲਦਾ ਹੈ । ਇਸ ਦਾ ਨਾਉਂ ਹੀ ਮਨਮਤ ਹੈ । ਇਸ ਮਨ ਦੀ ਮਤ ਦਾ ਨਾਉਂ ਹੀ ਆਪਾ-ਪ੍ਰਸਤੀ ਅਰਥਾਤ ਹਉਮੈ ਹੈ । ਸੋ ਇਸ ਹਉਮੈ ਨੂੰ ਹੋਮਣ ਦਾ ਇਸ ਤੋਂ ਵਧ ਕੇ ਹੋਰ ਕੋਈ ਹੀਲਾ ਨਹੀਂ ਕਿ ਪ੍ਰਾਣੀ ਮਨ ਦੀ ਮਤ ਅਨੁਸਾਰ ਚਲਣੋਂ ਹਟ ਜਾਏ । ਪਰੰਤੂ ਆਪੋਂ ਹਟਣਾ ਔਖਾ ਤੇ ਅਸੰਭਵ ਹੈ, ਕਿਉਂਕਿ ਮਨ ਨੇ ਤਾਂ ਮੋੜ ਘੋੜ ਕੇ ਆਪਣੀ ਮਤ ਮਗਰ ਹੀ ਲਾਉਣਾ ਹੋਇਆ । ਇਸ ਹਉਮੈ ਰੂਪੀ ਮਨ ਦੀ ਮਤ ਤੋਂ ਛੁਟਕਾਵਣ ਲਈ ਕੇਵਲ ਉਹ ਮਤ ਹੀ ਸਮਰਥ ਹੈ ਜਿਸ ਮਤ ਅੰਦਰ ਹਉਮੈ ਰੂਪੀ ਮਨ ਦੀ ਮਤ ਵਲ ਲਿਜਾਵਣ ਵਾਲੀ ਮਤ ਦੀ ਰਾਈ-ਰਿਜ਼ਮ ਭੀ ਨਾ ਹੋਵੇ । ਉਹ ਮਤ ਕੇਵਲ ਗੁਰਮਤਿ ਹੈ । ਜੋ ਗੁਰੂ ਦੁਆਰੇ ਹੀ ਲਭਦੀ ਹੈ ।

"ਸਾਹਿਬ ਸੰਮਾਲੇਹੁ"—ਸਾਹਿਬ ਸੰਮ੍ਹਾਲਣ ਦੀ । ਸਾਹਿਬ ਭੀ ਉਹ ਕਿਹੜਾ ਤੇ ਕਿਹੋ ਜਿਹਾ ? ਕੋਈ ਇਕ ਦੇਸ-ਵਾਸੀ ਅਲਪਗ ਹਸਤੀ ਵਾਲਾ ਉਹ ਸਾਹਿਬ ਨਹੀਂ, ਜਿਸ ਦਾ ਸਮ੍ਹਾਲਣਾ ਗੁਰਮਤਿ ਦ੍ਰਿੜ੍ਹ ਕਰਵਾਉਂਦੀ ਹੈ, ਪ੍ਰੰਤੂ "ਗੁਰੂ ਦੁਆਰੇ ਹੋਇ ਕੇ" ਐਸੇ ਸਾਹਿਬ ਦੇ ਸਮ੍ਹਾਲਣ ਦੀ ਸ੍ਰੇਸ਼ਟ ਮਤ ਆਉਂਦੀ ਹੈ । ਜਿਹੜਾ 'ਸਾਹਿਬ ਸਦਾ ਹਜੂਰਿ ਹੈ', ਸਦੀਵ ਕਾਲ ਜੋ ਹਾਜ਼ਰ ਨਾਜ਼ਰ ਹੈ, ਜੋ ਕਿ —

'ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ' ਹੈ । ਦੇਖਿਆ, ਕੇਹੀ ਸ੍ਰੇਸ਼ਟ ਅਸਚਰਜ ਅਤੇ ਅਨੋਖੀ ਮਤ 'ਗੁਰੂ ਦੁਆਰੇ ਹੋਇ ਕੈ' ਆਉਂਦੀ ਹੈ । ਭਲਾ ਕਿਹੜੀ ਮਤ ? ਸਾਹਿਬ ਸੰਮ੍ਹਾਲਣ ਦੀ ! ਸਾਹਿਬ ਭੀ ਉਹ ਜੋ 'ਸਦਾ ਹਜੂਰਿ' ਹੈ, ਅਤੇ ਸੰਮ੍ਹਾਲਣ ਭੀ ਕੈਸਾ ? ਐਸਾ ਨਹੀਂ ਜੈਸਾ ਕਿ ਅਲਪਗ ਸਾਹਿਬਾਂ ਦਾ ਸਮ੍ਹਾਲਣ ਹੁੰਦਾ ਹੈ । ਅਲਪਗ ਸਾਹਿਬ ਤਾਂ ਜੇ ਸਮ੍ਹਾਲੇ ਭੀ ਜਾ ਸਕਦੇ ਹਨ ਤਾਂ ਖਿਨ ਭੰਗਰ ਮਾਤਰ ਹੀ । ਜਿੰਨਾ ਚਿਰ ਆਪ ਉਨ੍ਹਾਂ ਦੇ ਸੋਹੇਂ ਹੋ, ਉਤਨਾ ਚਿਰ ਹੀ ਉਹ ਆਪ ਦੀ ਸਮ੍ਹਾਲ-ਗੋਚਰੇ ਹਨ । ਉਤਨੇ ਚਿਰ ਦੀ ਸਮ੍ਹਾਲ ਭੀ ਐਵੇਂ ਨਾਮ ਮਾਤਰ ਹੀ ਸਮ੍ਹਾਲ ਹੈ । ਵਾਸਤਵ ਵਿਚ ਉਹ ਸੰਮ੍ਹਾਲ ਕੋਈ ਨਹੀਂ । ਕਿਸੇ ਵਸਤੂ ਦਾ ਸੰਮ੍ਹਾਲਣਾ ਉਸ ਨੂੰ ਸਾਂਭ ਕੇ ਰਖਣਾ ਹੁੰਦਾ ਹੈ । ਸੰਸਾਰਕ (ਅਲਪਗ) ਸਾਹਿਬਾਂ ਨੂੰ ਭਲਾ ਆਪ ਕਿਥੇ ਸੰਮ੍ਹਾਲ ਕੇ ਰਖੋਗੇ ? ਉਨ੍ਹਾਂ ਦੇ ਤਾਂ ਆਪ ਨੇੜੇ ਭੀ ਨਹੀਂ ਢੁਕ ਸਕਦੇ । ਦੂਰੋਂ ਹੀ ਬਿਟਰ ਬਿਟਰ ਦੇਖ ਸਕਦੇ ਹੋ । ਜਿਸ ਵੇਖਣ-ਪਾਖਣ ਅੰਦਰ ਝੁਰੇਵਾਂ ਹੀ ਝੁਰੇਵਾਂ ਹੈ ਅਤੇ ਅਜਿਹਾ ਦੇਖਣਾ-ਪਾਖਣਾ ਭੀ ਬੂਰ ਵਾਲੇ ਲਡੂਆਂ ਵਾਲਾ ਸੌਦਾ ਹੈ । ਘੜੀ ਦੀ ਘੜੀ ਆਪ ਦੀਆਂ ਅੱਖਾਂ ਦੇ ਸਾਹਮਣੇ ਕਿਸੇ ਵਕਤ ਦੇ ਰਹਿਣ ਨੂੰ ਉਕਤ ਵਸਤ ਦਾ ਸੰਮ੍ਹਾਲਣਾ ਨਹੀਂ ਕਹਿ ਸਕਦੇ । ਅੱਖਾਂ ਤੋਂ ਲਾਂਭੇ ਹੁੰਦਿਆਂ ਹੀ ਨਾਲ ਦੀ ਨਾਲ ਅਜਿਹੀ ਸੰਮ੍ਹਾਲ ਮੁਕ-ਠੁਕ ਜਾਂਦੀ ਹੈ । ਅੰਤੀ ਓਰ

www.AKJ.Org

ਮੋਹਲਤ ਪੁੰਨੀ ਉਤੇ ਜਦੋਂ ਉਹ 'ਅਲਪਗ ਸਾਹਿਬ' ਬਿਸਤਰਾ-ਬੋਰੀਆ ਬੰਨ੍ਹ ਕੇ ਅਗਾਹਾਂ ਨੂੰ ਘਤ ਚਲਾਈਦਾ ਹੈ, ਤਦ ਤਾਂ ਸਾਹਿਬ ਸੰਮ੍ਹਾਲਣ ਵਲੋਂ ਉੱਕੀ ਹੀ ਸਫਨ-ਸਫ਼ਾਈ ਹੋ ਜਾਂਦੀ ਹੈ। ਸੋ ਇਹ ਸੰਮ੍ਹਾਲਣਾ ਕਿਸ ਲੇਖੇ ? ਬਿਨਸਨ-ਹਾਰ ਸਾਹਿਬਾਂ ਦਾ ਵਜੂਦ ਜਿਵੇਂ ਮਿਥਿਆ ਅਤੇ ਕੂੜ ਦਾ ਪਸਾਰਾ ਹੈ, ਤਿਵੇਂ ਤਿਨ੍ਹਾਂ ਦਾ ਸੰਮ੍ਹਾਲਣਾ ਭੀ ਮਿਥਿਆ ਅਤੇ ਕੂੜਾਵਾ ਦਿਲ-ਪਰਚਾਵਾ ਹੈ। ਕੂੜਾਵੇ ਸੰਸਾਰਕ ਅਲਪਗ ਸਾਹਿਬਾਂ ਦੇ ਸੰਮ੍ਹਾਲੇ ਤੇ ਸੌਰਦਾ ਭੀ ਕੁਝ ਨਹੀਂ। ਇਹ ਕੇਵਲ ਓਸ ਸਰਬੱਗ ਸਚੇ ਸਾਹਿਬ ਦਾ ਸੰਮ੍ਹਾਲਣਾ ਹੀ ਹੈ ਜੋ ਸਾਡਾ ਹਲਤ ਪਲਤ ਸੰਵਾਰ ਸਕਦਾ ਹੈ। ਸੋ ਸੱਚਾ ਸਰਬੱਗ ਸਾਹਿਬ ਜੋ ਸਦਾ ਹਜ਼ੂਰ ਹੈ, ਇਕ ਵਾਰ ਦਾ ਸੰਮ੍ਹਾਲਿਆ ਹੋਇਆ ਸਦੀਵ ਹੀ ਸੰਮ੍ਹਾਲ ਅੰਦਰ ਰਹਿੰਦਾ ਹੈ। ਯਥਾ ਗੁਰਵਾਕ —

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੇ ॥

ਇਸ 'ਇਕ ਵਾਰ ਵਸ ਆਏ ਅਤੇ ਸੰਭਲੇ ਸਚੇ ਧਨੀ' (ਸਾਹਿਬ) ਦੀ ਸੰਮ੍ਹਾਲ ਬਹੁੜ ਸੰਮ੍ਹਾਲੋਂ ਅਗੋਚਰ ਹੋ ਹੀ ਨਹੀਂ ਸਕਦੀ, ਕਿਉਂਕਿ ਉਹ 'ਸਾਹਿਬ ਸਦਾ ਹਜ਼ੂਰਿ ਹੈ' ਪਰ ਘਾਟਾ ਹੈ ਤਾਂ ਇਹ ਹੈ ਕਿ ਉਸ ਨੂੰ ਸੰਮ੍ਹਾਲਿਆ ਨਹੀਂ ਜਾਂਦਾ। ਜੇ ਉਹ ਸੰਮ੍ਹਾਲਿਆ ਜਾ ਸਕਦਾ ਹੈ ਤਾਂ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਸੰਮ੍ਹਾਲਿਆ ਜਾਂਦਾ ਹੈ, ਪਰ ਇਹ ਸੰਮ੍ਹਾਲਣਾ ਕੀ ਅਤੇ ਕੈਸਾ ਹੈ ? 'ਸਦਾ ਹਜ਼ੂਰਿ ਸਾਹਿਬ' ਨੂੰ ਅਰਥਾਤ ਉਸ ਸਰਬੱਗ ਅਤੇ ਸਰਬ ਵਿਆਪਕ ਸਚੇ ਸਾਹਿਬ ਨੂੰ ਪਰਤਖ ਹਾਜ਼ਰਾ ਹਜ਼ੂਰ ਪੇਖਣਾ, ਸਾਂਗੋ ਪਾਂਗ ਪੇਖਣਾ,'ਸਾਹਿਬ ਨੂੰ ਸੰਮ੍ਹਾਲਣਾ' ਹੈ। ਅਜਿਹੀ ਸੰਮ੍ਹਾਲ, ਦ੍ਰਿਸ਼ਟੀਓਂ ਅਗੋਚਰ, ਤੱਤ ਅਤੇ ਸੱਤ ਪਦਾਰਥ ਦੀ ਸੰਮ੍ਹਾਲ ਭਲਾ ਕਦੋਂ ਹੋ ਸਕਦੀ ਹੈ, ਜਦ ਕਿ ਦ੍ਰਿਸ਼ਟਮਾਨ ਮਿਥਿਆ ਮਾਇਕ ਪਦਾਰਥਾਂ ਵਿਚ ਪ੍ਰਾਣੀ ਲਥ-ਪਥ ਹੈ ? ਕਿੰਤੂ ਜਦ ਤੀਕਰ ਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦਾ ਅਭਾਵ ਨਹੀਂ ਹੋ ਜਾਂਦਾ ਤਦ ਤੀਕਰ ਉਸ ਸਤ ਪਦਾਰਥ ਦੀ ਸੰਮ੍ਹਾਲ ਕਦਾਚਿਤ ਸੰਭਵ ਨਹੀਂ। ਅਤੇ ਇਹ 'ਹਉਮੈ' ਦਾ ਭਰਮ-ਜਾਲ ਹੀ ਹੈ ਜਿਸ ਕਰਕੇ ਉਕਤ ਮਿਥਿਆ ਅਤੇ ਮਾਇਕ ਪਦਾਰਥਾਂ ਦਾ ਅਭਾਵ ਨਹੀਂ ਹੁੰਦਾ। ਬਸ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਇਹ ਭਰਮ-ਜਾਲ ਕਟਿਆ ਜਾ ਸਕਦਾ ਹੈ। ਸੋ 'ਗੁਰੂ ਦੁਆਰੇ ਹੋਇ ਕੈ' ਉਹ ਸਦਾ ਹਜ਼ੂਰ ਪ੍ਰੰਤੂ ਦ੍ਰਿਸ਼ਟੀਓਂ ਅਗੋਚਰ ਸਾਹਿਬ ਕਿਸ ਸ਼ਕਲ ਵਿਚ ਸਮ੍ਹਾਲਿਆ, ਅਥਵਾ ਲਖਿਆ ਜਾਏਗਾ ? ਉਹ ਇਸ ਸ਼ਕਲ ਵਿਚ ਕਿ—"ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥" ਹਉਮੈ ਦੇ ਪਰਭਾਵ ਕਰਕੇ ਦ੍ਰਿਸਟਮਾਨ ਪਦਾਰਥਾਂ ਵਿਚ ਲਿਪਾਏਮਾਨ ਹੋਣ ਦਾ ਭਰਮ-ਭੁਲਾਵਾ ਜੋ ਪ੍ਰਾਣੀ ਨੂੰ ਲਗਾ ਹੋਇਆ ਹੈ, ਪ੍ਰਿਥਮ ਇਹ ਅਗਿਆਨ ਰੂਪੀ ਛਉੜ ਉਸ ਦੇ ਕਟੇ ਜਾਣਗੇ ਤਦ ਪਸਚਾਤ ਉਹ ਗੁਰੂ ਦੁਆਰੇ ਹੋਇਆ ਪ੍ਰਾਣੀ ਆਪਣੇ ਘਟ ਅੰਤਰ ਹੀ, ਹਿਰਦੇ ਵਿਖੇ ਹੀ ਉਸ ਸਚੇ ਸਾਹਿਬ ਦੀ ਜਗ-ਜੀਵਨ ਜੋਤਿ ਨੂੰ ਪ੍ਰਕਾਸ਼ਤ ਕਰ ਕੇ ਲਖੇਗਾ। ਇਸ ਬਿਧ ਪ੍ਰਕਾਸ਼ਤ ਹੋਈ ਜੋਤਿ ਨੂੰ ਲਖਣਾ, ਸਾਹਿਬ ਨੂੰ ਸੰਮ੍ਹਾਲਣਾ ਅਤੇ ਸਦਾ ਹਜ਼ੂਰ ਪੇਖਣਾ ਅਰਥਾਤ ਪਰਤੱਖ ਕਰਨਾ ਹੈ। ਇਸ ਦੀ ਸੂਝ-ਬੂਝ ਉਨ੍ਹਾਂ ਨੂੰ ਹੀ ਹੋ ਸਕਦੀ ਹੈ ਜਿਨ੍ਹਾਂ ਨੇ ਉਸ ਜੋਤਿ ਨੂੰ ਗੁਰੂ ਕਿਰਪਾ ਦੁਆਰਾ ਘਟ ਅੰਤਰ ਹੀ ਪ੍ਰਕਾਸ਼ਤ ਕਰ ਕੇ ਸੱਚੇ ਸਾਹਿਬ ਨੂੰ ਸਾਂਗੋ-ਪਾਂਗ ਪੇਖਿਆ ਹੈ। ਜਿਨ੍ਹਾਂ ਨੇ ਸਾਹਿਬ ਨੂੰ ਸਚ-ਮੁਚ ਸੰਮ੍ਹਾਲਿਆ ਹੈ ਉਨ੍ਹਾਂ ਨੂੰ ਹੀ ਸਮ੍ਹਾਲ ਪਦ ਦੇ ਅਰਥਾਂ ਦਾ ਸਚਾ ਸੁਆਦ ਤੇ ਰਸ ਆਇਆ ਹੈ। ਹਿਰਦੇ ਵਿਚ ਸਾਂਭ ਕੇ ਰਖਣ ਨਾਲੋਂ ਵਧ ਕੇ ਹੋਰ ਕਿਹੜੀ ਸਮ੍ਹਾਲ ਹੋ ਸਕਦੀ ਹੈ ? ਆਹਾ ! ਕਿਹੀ ਅਦੁੱਤੀ ਸਮ੍ਹਾਲ ਹੈ ! ਇਹ ਸਮ੍ਹਾਲ ਹਰ-ਦਮ ਜੀਉੜੇ ਨਾਲ ਹੈ। ਜਿਥੇ ਇਹ ਜੀਉੜਾ ਤਿਥੈ ਇਹ ਸਮ੍ਹਾਲ, ਨਾਲ ਦੀ ਨਾਲ, ਇਕ ਨਿਮਖ ਭੀ, ਘੜੀ-ਮੁਹਤ ਭੀ, ਪਲ-ਚਸਾ ਭੀ, ਇਹ ਸਮ੍ਹਾਲ ਦੂਰ ਹੋਣ ਵਾਲੀ ਨਹੀਂ। ਦੂਰ ਕੀਕੂੰ ਹੋਵੇ ? ਜਦ ਇਹ ਸਮ੍ਹਾਲ 'ਜੀਉੜੇ ਸੇਤੀ ਰਵਿ ਰਹੀ' ਸਮ੍ਹਾਲ ਹੈ। ਇਹ ਕਉਤਕੀ ਸਮ੍ਹਾਲ ਜੀਉੜੇ ਨੂੰ ਸੁਰਜੀਤ ਕਰਨਹਾਰੀ ਸਮ੍ਹਾਲ ਹੈ, ਇਸ ਅਕਾਲੀ ਜੋਤਿ ਸੇਤੀ ਸੰਭਲਿਆ ਅਤੇ ਸਪਰਸ਼ ਹੋਇਆ ਜੀਅੜਾ ਸੁਰਜੀਤ ਕਿਉਂ ਨਾ ਹੋਵੇ, ਜਦ ਕਿ ਉਹ ਸਦ-ਜੀਵਨ ਅਤੇ ਜਾਗਤ ਜੋਤਿ ਹੀ 'ਅਮਰ' 'ਅਟੱਲ' 'ਅਭੈ' 'ਅਕਾਲੀ' ਅਤੇ 'ਅਬਿਨਾਸ਼ੀ' ਹੈ। ਇਸੇ ਲਈ ਹੀ ਸ੍ਰੀ ਸਤਿਗੁਰੂ ਜੀ ਉਸ ਜੋਤਿ ਤੋਂ ਵਿਛੜੇ ਅਤੇ ਮਾਇਆ-ਮੋਹ ਵਿਚ ਮਨੂਰ ਹੋਏ ਜੀਵਾਂ ਨੂੰ ਮਨ ਦਾ



www.AKJ.Org

ਖ਼ਿਤਾਬ ਦੇ ਕੇ ਸਨਮੁਖ ਉਪਦੇਸ਼ ਕਰਦੇ ਹਨ। ਯਥਾ ਗੁਰਵਾਕ –

'ਮਨ ਕਰਹਲਾ ਮੇਰੇ ਪਿਆਰਿਆ,
ਵਿਚਿ ਦੇਹੀ ਜੋਤਿ ਸਮਾਲਿ ॥''

ਦੇਹੀ ਅੰਦਰ ਜੋਤਿ ਸੰਭਾਲਣ ਦਾ ਭਾਵ ਇਸ ਅਗਲੇਰੇ ਗੁਰਵਾਕ ਤੋਂ ਸੂਚਤ ਹੁੰਦਾ ਹੈ। ਯਥਾ –

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ
ਨਾ ਕਦੇ ਮਰੈ ਨ ਜਾਇਆ ॥

ਦੇਖਿਆ, ਕਿਆ ਸੋਹਣੀ ਸੰਭਾਲ ਹੈ ! ਇਹ ਸੰਭਾਲ ਅਮਰ ਅਤੇ ਅਟੱਲ ਪਦ ਨੂੰ ਪਹੁੰਚਾਣ ਵਾਲੀ ਸੰਮ੍ਹਾਲ ਹੈ। ਹਿਰਦੇ ਅੰਦਰ ਸਾਂਭ ਕੇ ਰਖੀ ਜਾਂਦੀ ਹੈ ਤਾਂ ਹੀ ਤੇ ਇਸ ਦਾ ਨਾਉਂ ਸੰਮ੍ਹਾਲ ਹੈ। ਸੰਮ੍ਹਾਲ ਦੇ ਇਸੇ ਭਾਵ ਦੇ ਕਾਰਨ ਹੀ "ਸਾਹਿਬ ਸਦਾ ਹਜੂਰਿ" ਸਦਾਉਂਦਾ ਹੈ। "ਸਦਾ ਹਜੂਰਿ" ਦੇ ਅਰਥ ਓਦੋਂ ਤੀਕ ਸਮਝ ਅੰਦਰ ਨਹੀਂ ਆਉਂਦੇ ਜਦ ਤੀਕਰ 'ਸਾਹਿਬ' ਦੀ "ਸੰਮ੍ਹਾਲ" ਨਾ ਹੋ ਜਾਵੇ, ਪਰ ਸੰਮ੍ਹਾਲ ਹੋਈ ਤੋਂ 'ਸਾਹਿਬ ਸਦਾ ਹਜੂਰਿ' ਕੀ! ਕਿੰਤੂ 'ਨੇਰੇ ਹੀ ਤੇ ਨੇਰਾ' ਹੈ। ਇਸ ਸੰਮ੍ਹਾਲ ਬਿਹੂਣ 'ਸਦਾ ਹਜੂਰਿ ਸਾਹਿਬ' ਘਰ ਹੀ ਅੰਦਰ ਦੂਰ ਹੈ ਅਤੇ 'ਸਦਾ ਹਜੂਰਿ ਸਾਹਿਬ' ਦੇ ਇਸ ਬਿਧ ਸਮੀਪ ਹੁੰਦੇ ਹੋਏ ਫੇਰ ਦੂਰ ਅਰਥਾਤ ਦ੍ਰਿਸ਼ਟੀਓਂ ਅਗੋਚਰ ਹੋਣ ਦਾ ਕਾਰਨ ਕੇਵਲ ਇਹੋ ਹੈ ਕਿ ਜੀਵਾਂ ਉਤੇ ਹਉਮੈ ਦਾ ਪੜਦਾ ਪਿਆ ਹੋਇਆ ਹੈ। ਇਸ ਹਉਮੈ ਰੂਪੀ ਭਰਮ ਦੀ ਭੀਤ (ਕੰਧ) ਤਿਨ੍ਹਾਂ ਦੀ ਦ੍ਰਿਸ਼ਟੀ ਦੇ ਅਗੇ ਉਸਰੀ ਹੋਈ ਹੈ। ਬਸ ਜੋ ਕੁਝ ਭੀ ਉਨ੍ਹਾਂ ਦੀ ਦ੍ਰਿਸ਼ਟੀ ਗੋਚਰ ਹੁੰਦਾ ਹੈ ਸੋ ਕੇਵਲ ਭਰਮ ਹੀ ਭਰਮ ਹੈ, 'ਹਰਿ ਚੰਦਉਰੀ ਪੇਖਿ ਵੁਠੇ ਨਗਰ ਗੰਧਰਬ' ਵਾਲੇ ਗੁਰਵਾਕ ਦੇ ਭਾਵ ਵਾਲੀ ਹੀ ਗੱਲ ਹੈ। ਦ੍ਰਿਸ਼ਟਮਾਨ ਪਦਾਰਥਾਂ ਵਿਖੇ ਲੁਭਾਇਮਾਨ ਹੋਏ ਜੀਵਾਂ ਦੀ ਚਿਤ-ਬ੍ਰਿਤੀ ਭਰਮ ਗਈ ਹੈ ਅਤੇ ਧੋਖੇ ਵਿਚ ਪੈ ਰਹੀ ਹੈ। ਐਥੋਂ ਤਾਈਂ ਕਿ –

ਝੂਠੁ ਬਾਤ ਸਾ ਸਚੁ ਕਰਿ ਜਾਤੀ॥
ਸਤਿ ਹੋਵਨੁ ਮਨਿ ਲਗੈ ਨ ਰਾਤੀ॥

ਦੇ ਗੁਰਵਾਕ ਦੇ ਭਾਵ ਵਾਲੀ ਦਸ਼ਾ ਹੋ ਰਹੀ ਹੈ। ਇਸ ਦ੍ਰਿਸ਼ਟਮਾਨ ਪ੍ਰੰਤੂ ਅ-ਸਤ ਪਦਾਰਥਾਂ ਦੇ ਭਰਮ-ਭੁਲਾਵੇ ਰੂਪੀ 'ਹਰਿ ਚੰਦਉਰੀ' ਅਰਥਾਤ ਮਿਰਗ-ਤ੍ਰਿਸ਼ਨਾ ਨੂੰ ਦੇਖ ਕੇ ਜੀਵਾਂ ਦੀ ਚਿਤ-ਬ੍ਰਿਤੀ ਰੂਪੀ ਦ੍ਰਿਸ਼ਟੀ ਮੂਲੋਂ ਚੁੰਧਿਆ ਗਈ ਹੈ। ਐਥੋਂ ਤਾਈਂ ਕਿ ਸਤਿ ਵਸਤੂ ਨੂੰ ਦੇਖਣੋਂ ਉੱਕੀ ਅਸਮਰਥ ਹੋ ਗਈ ਹੈ। ਏਸੇ ਕਰਕੇ ਹੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੀਵਾਂ ਦੀ ਦ੍ਰਿਸ਼ਟੀ ਵਿਖੇ ਭਰਮ ਦੇ ਛੋੜ ਅਰਥਾਤ ਅਗਿਆਨ ਦੇ ਫੋਲੇ ਪੈ ਗਏ ਹਨ, ਜੋ ਕੇਵਲ 'ਗੁਰੂ ਦੁਆਰੇ ਹੋਇ ਕੈ' ਹੀ ਕਟੇ ਜਾ ਸਕਦੇ ਹਨ ਅਤੇ ਜਿਨ੍ਹਾਂ ਦੇ ਕਟੇ ਜਾਣ ਕਰਕੇ ਏਹ ਮੰਦ ਦ੍ਰਿਸ਼ਟੀ ਜੋ ਹੈ, ਸੋ ਸਾਹਿਬ ਨੂੰ ਸਦਾ ਹਜ਼ੂਰ ਦੇਖਣਹਾਰੀ ਦਿਬ-ਦ੍ਰਿਸ਼ਟੀ ਹੋ ਸਕਦੀ ਹੈ। ਪਰ ਇਹ ਭਰਮੇ ਦੇ ਛੋੜ 'ਗੁਰੂ ਦੁਆਰੇ ਹੋਇ ਕੈ' ਗੁਰੂ ਜੀ ਦੀ ਦੱਸੀ ਔਖਧੀ ਅਤੇ ਸੰਜਮ ਦੇ ਵਰਤਣ ਕਰ ਹੀ ਕਟੇ ਜਾਣਗੇ, ਐਵੇਂ ਨਹੀਂ। ਤਾਹੀਓਂ ਅਗਲੇਰੀ ਤੁਕ ਅੰਦਰ 'ਗੁਰੂ ਮਹਾਰਾਜ' ਫ਼ੁਰਮਾਉਂਦੇ ਹਨ ਕਿ "ਹਰਿ ਕਾ ਨਾਮ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥" ਭਰਮ ਦੇ ਛੋੜ ਰੂਪੀ ਬਿਖੇ ਰੋਗ ਕਟਣ ਹਿਤ ਗੁਰੂ ਦੇ ਅੰਮ੍ਰਿਤ ਰੂਪੀ ਸ਼ਬਦ ਦਾ ਦਾਰੂ ਹੀ ਸਮਰਥ ਹੈ। ਸੋ ਗੁਰੂ ਜੀ ਹੁਕਮ ਦਿੰਦੇ ਹਨ ਕਿ ਇਹ ਸ਼ਬਦ ਰੂਪੀ ਦਾਰੂ ਭਰਮ ਰੂਪੀ ਛੋੜ ਦੇ ਗ੍ਰਸੇ ਲੋਇਣਾਂ ਵਿਖੇ ਲਾਵੇ। ਬਸ ਤਦੋਂ, ਕੇਵਲ ਤਦੋਂ ਹੀ ਹਉਮੈ ਰੋਗ ਤੋਂ ਅੰਧਲੇ ਹੋਏਵੇ ਬਿਖੇ ਰੋਗੀਆਂ ਦੇ ਅੰਤਰੀ ਨੇਤਰੋ ਵਿਚ ਉਸ ਜਗਮਗ ਜੋਤ ਦੇ ਪਰਖਣ ਅਤੇ ਪੇਖਣ ਵਾਲੀ ਦਿਬ-ਦ੍ਰਿਸ਼ਟ ਹੋ ਸਕਦੀ ਹੈ, ਐਵੇਂ ਨਹੀਂ। ਇਸ ਨਾਮ ਰੂਪੀ ਔਖਧੀ ਤੋਂ ਬਿਨਾਂ ਹਉਮੈ ਰੋਗ ਚੁਕੇ ਨਹੀਂ ਜਾ ਸਕਦੇ। ਇਹ ਨਾਮ ਉਹੀ ਹੈ ਜੋ ਗੁਰਮਤਿ ਅੰਦਰ 'ਨਾਮ' ਦੇ ਨਾਉਂ ਕਰਕੇ ਪਰਸਿੱਧ ਹੈ, ਜਿਸ ਨੂੰ ਗੁਰਬਾਣੀ ਅੰਦਰ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਅੰਦਰ ਧਿਆਵਣ ਯੋਗ 'ਨਾਮ' ਸੁਆਸ ਸੁਆਸ ਸਿਮਰਨ ਯੋਗ 'ਨਾਮ', ਨਿਮਖ ਨਿਮਖ ਅਰਾਧਨ ਯੋਗ 'ਨਾਮ' ਦੀ ਅਪਾਰ ਪਦਵੀ ਪਰਾਪਤ ਹੈ। ਇਸ 'ਨਾਮ', ਦੀ ਅਪਾਰ ਮਹਿਮਾ ਸੇਤੀ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦਾ ਇਕ ਇਕ ਵਾਕ ਓਤ-ਪੋਤ ਕਰ ਕੇ ਪਰੋਤਾ ਤੇ ਗੀਧਾ ਹੋਇਆ ਹੈ। ਇਸ ਅੰਮ੍ਰਿਤ ਰੂਪੀ ਨਾਮ ਦੀ ਅੰਮ੍ਰਿਤ ਭਿੰਨੀ ਮਹਿਮਾ ਦੇ ਗੁਰਬਾਣੀ ਅੰਦਰ ਰਮੇ ਹੋਏ ਹੋਣ ਦੇ ਕਾਰਨ ਹੀ

www.AKJ.Org

ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਆਪਣੇ ਨਿਜ ਸਰੂਪ ਅੰਦਰ ਏਸ ਬਿਧਿ ਰਮ ਰਹੇ ਅੰਮ੍ਰਿਤ ਨਾਮ ਰੂਪੀ ਨਾਮ ਦੇ ਪ੍ਰਕਾਸ਼ਤ ਕਰਨਹਾਰੀ ਹੋਣ ਕਰ ਹੀ ਗੁਰਬਾਣੀ ਨੂੰ ਗੁਰੂ ਦੀ ਅਮਰ ਪਦਵੀ ਪ੍ਰਾਪਤ ਹੈ। ਯਥਾ ਗੁਰਵਾਕ –

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ'

ਬਾਣੀ ਗੁਰੂ ਰੂਪ ਤਦੇ ਹੀ ਹੈ, ਜੋ ਇਹ ਨਾਮ ਦੇ ਪ੍ਰਕਾਸ਼ਤ ਕਰਨਹਾਰੀ ਹੈ। ਅੰਮ੍ਰਿਤ ਰੂਪੀ ਨਾਮ ਦੀ ਉਪਦੇਸ਼ਤਾ ਹੋਣ ਕਰਕੇ ਬਾਣੀ ਅੰਦਰ ਅੰਮ੍ਰਿਤ ਨਾਮ ਦੀ ਹੀ ਮਹਿਮਾ ਹੈ। ਏਸ ਕਰਕੇ ਹੀ "ਵਿਚਿ ਬਾਣੀ ਅੰਮ੍ਰਿਤੁ ਸਾਰੇ" ਵਾਲਾ ਗੁਰ-ਫੁਰਮਾਨ ਵਿਦਮਾਨ ਹੈ। ਏਸ ਅੰਮ੍ਰਿਤ ਨਾਮ ਨੂੰ ਮਨ ਵਸਾਵਣ ਕਰਕੇ ਹਉਮੈ ਰੋਗ ਦੀ ਨਵਿਰਤੀ ਹੋ ਜਾਂਦੀ ਹੈ। ਯਥਾ ਗੁਰਵਾਕ –

"ਅੰਮ੍ਰਿਤ ਨਾਮੁ ਮੰਨਿ ਵਸਾਏ ॥
ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ
ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥"

ਨਾਮ ਦੇ ਮਨ ਵਸਾਵਣ ਤੋਂ ਭਾਵ ਨਾਮ ਦਾ ਅਭਿਆਸ ਦ੍ਰਿੜ੍ਹ ਕਰਨਾ ਹੈ। ਹੁਣ ਇਹ ਸਵਾਲ ਉਠਦਾ ਹੈ ਕਿ ਏਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਕੀਕੂੰ ਅਤੇ ਕਿਥੋਂ ਹੋਵੇ ? ਏਸ ਦਾ ਉੱਤਰ ਏਸੇ ਗੁਰਵਾਕ ਦੇ ਭਾਵ ਅੰਦਰ ਹੈ ਕਿ "ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ" ਅਰਥਾਤ ਅੰਮ੍ਰਿਤ ਰੂਪੀ ਬਾਣੀ ਦਾ ਸੇਵਨ (ਅਰਾਧਨ) ਕਰੇ। ਬਸ ਏਸ ਅੰਮ੍ਰਿਤ ਰੂਪੀ ਬਾਣੀ ਤੋਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਪ੍ਰਾਪਤੀ ਗੁਰੂ ਦੁਆਰੇ ਹੀ ਸੰਭਵ ਹੈ ਅਤੇ ਗੁਰੂ ਹੈ ਹੀ ਬਾਣੀ। ਬਾਣੀ ਰੂਪੀ ਗੁਰੂ ਬਿਹੂਣ ਹੋਰ ਕੋਈ ਗੁਰੂ ਗੁਰਮਤਿ ਅੰਦਰ ਪ੍ਰਵਾਨ ਨਹੀਂ। ਤਾਂ ਤੇ ਗੁਰੂ ਰੂਪੀ ਬਾਣੀ ਦਾ ਹੀ ਸੇਵਨਾ (ਮਨਿ ਵਸਾਵਣਾ) ਨਾਮ ਦਾ ਅਭਿਆਸ ਦ੍ਰਿੜ੍ਹਾ ਸਕਦਾ ਹੈ। ਨਾਲ ਲਗਦਾ ਏਸੇ ਗੁਰਵਾਕ ਦੇ ਰਹਾਉ ਵਾਲਾ ਅੰਕ ਭੀ ਏਸ ਅਸੂਲ ਦੀ ਪੁਸ਼ਟੀ ਤੇ ਪ੍ਰੋੜ੍ਹਤਾ ਕਰਦਾ ਹੈ। ਯਥਾ –

"ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ
ਮੰਨਿ ਵਸਾਵਣਿਆ ॥ ਅੰਮ੍ਰਿਤ ਬਾਣੀ ਮੰਨਿ
ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥
ਰਹਾਉ ॥"

ਯਥਾ ਹੋਰ ਗੁਰਵਾਕ –

"ਗੁਰਮੁਖਿ ਬਾਣੀ ਨਾਦੁ ਬਜਾਵੈ ॥"

ਸੋ ਸਾਫ਼ ਸਪਸ਼ਟ ਹੋਇਆ ਕਿ ਏਸ ਗੁਰਮਤਿ ਨਾਦ (ਸ਼ਬਦ-ਨਾਮ) ਦੀ ਅਭਿਆਸ ਰੂਪੀ ਤੰਤੀ ਗੁਰੂ ਰੂਪ ਬਾਣੀ ਨੂੰ ਮੁਖ ਲੈ ਕੇ, ਅਰਥਾਤ ਗੁਰਬਾਣੀ ਦੇ ਅਰਾਧਣ ਕਰ ਹੀ ਵਜਾਈ ਜਾ ਸਕਦੀ ਹੈ। ਹੁਣ ਆਓ ਪਹਿਲੇ ਗੁਰ ਪ੍ਰਮਾਣ ਵਲ "ਹਰਿ ਕਾ ਨਾਮ ਅੰਮ੍ਰਿਤ ਹੈ, ਦਾਰੂ ਏਹੁ ਲਾਇਹੁ ॥" ਬਸ ਅੰਮ੍ਰਿਤ ਰੂਪੀ ਗੁਰਮਤਿ ਨਾਮ ਦੀ ਦਾਰੂ (ਔਖਧੀ) ਲਾਉਣ (ਵਰਤਣ) ਨਾਲ ਹੀ ਭਰਮ ਦੇ ਛੌੜ ਕਟੇ ਜਾ ਸਕਦੇ ਹਨ, ਅਤੇ ਹਉਮੈ ਰੋਗ ਦੀ ਨਵਿਰਤੀ ਹੋ ਸਕਦੀ ਹੈ।

---

## ਪ੍ਰਿੰਸੀਪਲ ਮਿਹਰ ਜੀ ਡੇਹਰਾਦੂਨ ਅਕਾਲ ਚਲਾਣਾ ਕਰ ਗਏ

ਸ: ਮਿਹਰ ਸਿੰਘ ਜੀ ਐਮ.ਏ. (ਇੰਗਲਿਸ਼, ਹਿੰਦੀ ਤੇ ਫ਼ਾਰਸੀ) ਰੀਟਾਇਰਡ ਪ੍ਰਿੰਸੀਪਲ ਆਰਡੀਨੈਂਸ ਫ਼ੈਕਟਰੀ, ਡੇਹਰਾਦੂਨ ਇਕ ਚੰਗੇ ਸੁਲਝੇ ਹੋਏ ਜੀਵਨ ਵਾਲੇ ਗੁਰਸਿਖ ਸਨ। ਇਨ੍ਹਾਂ ਦੇ ਲਿਖੇ ਹੋਏ ਸਮੇਂ ਸਮੇਂ ਗੁਰਮਤਿ ਦੇ ਨੁਕਤਿਆਂ ਨੂੰ ਸਪਸ਼ਟ ਕਰਨ ਵਾਲੇ ਲੇਖ ਗੁਰਮਤਿ ਰਸਾਲਿਆਂ ਵਿਚ ਛਪਦੇ ਰਹਿੰਦੇ ਹਨ। ਆਪ ਜੀ ਨੇ ਆਪਣੀ ਸੁਪਤਨੀ ਦੇ ਪਹਿਲੇ ਵਰ੍ਹੀਣੇ ਦੀ ਯਾਦ ਵਿਚ ਲੁਧਿਆਣੇ ਵਿਖੇ ਸ੍ਰੀ ਅਖੰਡਪਾਠ ਦਾ ਭੋਗ ਪਾਇਆ ਅਤੇ ਦੂਜੇ ਦਿਨ ਪਹਿਲੀ ਜੂਨ ੧੯੭੪ ਸ਼ਾਮ ਨੂੰ ਚੰਡੀਗੜ੍ਹ ਚਲੇ ਗਏ। ਉਥੇ ਅਚਣਚੇਤ ਹੀ ੧੧ ਵਜੇ ਰਾਤ ਅਕਾਲ ਚਲਾਣਾ ਕਰ ਗਏ।

ਉਨ੍ਹਾਂ ਦੀ ਯਾਦ ਵਿਚ ਚੰਡੀਗੜ੍ਹ ਰਖੇ ਗਏ ਸ੍ਰੀ ਅਖੰਡਪਾਠ ਸਮੇਂ ਉਨ੍ਹਾਂ ਦੇ ਲੜਕੇ ਸ: ਨਰਿੰਦਰਪਾਲ ਸਿੰਘ ਵਲੋਂ ੨੦ ਰੁਪਏ 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ ਭੇਜੀ ਗਈ ਅਤੇ ਲੁਧਿਆਣੇ ਵਿਖੇ ਰਖੇ ਗਏ ਸ੍ਰੀ ਅਖੰਡਪਾਠ ਸਮੇਂ ੧੧ ਰੁਪਏ ਸਹਾਇਤਾ ਸ: ਕਿਰਪਾਲ ਸਿੰਘ ਵਲੋਂ ਪੁਜੀ ਹੈ।

ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।


www.AKJ.Org

# ਸੰਸਾਰ ਰੋਗੀ ਨਾਮੁ ਦਾਰੂ

[ ਵਲੋਂ—ਸ: ਸੇਵਾ ਸਿੰਘ 'ਸੇਵਕ', ਤਰਨ ਤਾਰਨ ]

ਸੰਸਾਰ ਵਿਚ ਹਰੇਕ ਆਦਮੀ ਦਾ ਸੋਚਣ ਸਮਝਣ ਤੇ ਕੰਮ ਕਰਨ ਦਾ ਦਾਇਰਾ ਆਪਣੀ ਬੁੱਧੀ, ਗਿਆਨ, ਤਜਰਬੇ ਤੇ ਅਨੁਭਵ ਅਨੁਸਾਰ ਹੁੰਦਾ ਹੈ । ਇਸ ਦਾਇਰੇ ਦੇ ਸੁੰਗੜੇ ਹੋਣ ਦੇ ਕਾਰਨ ਆਦਮੀ ਦੀ ਸ਼ਖ਼ਸੀਅਤ ਵੀ ਸੁੰਗੜਵੀਂ ਤੇ ਵਿਕਾਸ-ਰਹਿਤ ਹੁੰਦੀ ਹੈ ਅਤੇ ਇਸ ਦੇ ਖੁਲ੍ਹੇ ਤੇ ਫੈਲਾਉ ਵਾਲੇ ਹੋਣ ਕਰਕੇ ਸ਼ਖ਼ਸੀਅਤ ਵੀ ਵਿਕਸਤ ਤੇ ਸਰਬ-ਸੰਸਾਰਕ ਜਾਂ ਬ੍ਰਹਿਮੰਡੀ ਹੋ ਜਾਂਦੀ ਹੈ ।

ਦੁਨਿਆਵੀ ਤਜਰਬੇ ਵਿਚ ਆਇਆ ਹੋਇਆ ਉਪ੍ਰੋਕਤ ਅਸੂਲ ਸਾਂਗੋ-ਪਾਂਗ ਆਤਮਕ ਮੰਡਲਾਂ ਵਿਚ ਵੀ ਕੰਮ ਕਰਦਾ ਹੈ । ਖੁਲ੍ਹੇ ਆਤਮਕ ਅਨੁਭਵ ਵਾਲੀਆਂ ਸ਼ਖ਼ਸੀਅਤਾਂ ਦਾ ਸੰਬੰਧ, ਬ੍ਰਹਿਮੰਡੀ ਝਲਕਾਂ ਦੀ ਸੋਝੀ ਦੁਆਰਾ ਇਕ ਅਤ ਉੱਚੀ ਤੇ ਅਰੂੜ ਵਿਸਮਾਦੀ ਅਵਸਥਾ ਨਾਲ ਜੁੜ ਜਾਂਦਾ ਹੈ ਅਤੇ ਇਸ ਤਜਰਬੇ ਤੋਂ ਕੋਰੇ ਪੁਰਸ਼, ਖੂਹ ਦੇ ਡੱਡੂ ਵਾਂਗ ਆਪਣਾ ਦੁਰਲਭ ਮਨੁੱਖਾ ਜਨਮ, ਆਪਣੇ ਸੌੜੇ ਆਲੇ ਦੁਆਲੇ ਵਿਚ ਹੀ ਗੁਜ਼ਾਰ ਕੇ ਭਸਮਾ ਭੂਤ ਹੋ ਜਾਂਦੇ ਹਨ ।

ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਦੁਨੀਆ ਦੇ ਹਰੇਕ ਇਸਤ੍ਰੀ ਪੁਰਸ਼ ਦਾ ਗਿਆਨ-ਖੇਤਰ ਜਾਂ ਸੋਚਣ ਦਾ ਦਾਇਰਾ ਏਨਾ ਸੌੜਾ ਸੀ ਕਿ ਆਪਣੀ ਭਲਾਈ, ਖ਼ੁਦਗਰਜ਼ੀ ਤੇ ਪੇਟ-ਪੂਜਾ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ ਸੀ । ਆਪਣੀ ਸਰੀਰਕ ਹੋਂਦ ਨੂੰ ਕਾਇਮ ਰਖਣ ਲਈ ਈਰਖਾ, ਘ੍ਰਿਣਾ, ਧੋਖਾ, ਪਖੰਡ ਤੇ ਜ਼ੁਲਮੀ ਵਰਤੋਂ ਇਕ ਆਮ ਗੱਲ ਹੋ ਚੁਕੀ ਸੀ । ਸੱਚੀ ਤੇ ਸੁਚੀ ਆਤਮਕ ਜੋਤ ਮੂਲੋਂ ਬੁਝ ਚੁਕੀ ਸੀ ਤੇ ਹਰੇਕ ਪੁਰਸ਼ ਈਰਖਾ ਦੀ ਅੱਗ ਤੇ ਹਉਮੈ ਨਾਲ ਦਗਧ ਹੋ ਰਹਿਆ ਸੀ ।

ਅਕਾਲ ਪੁਰਖ ਨੂੰ ਦੁਨੀਆ ਦੀ ਇਸ ਨਰਕੀ ਅਵਸਥਾ ਉਤੇ ਤਰਸ ਆਇਆ ਤੇ ਅਗੰਮੀ ਜੋਤ, ਗੁਰੂ ਨਾਨਕ ਦੇਵ ਦੇ ਰੂਪ ਵਿਚ ਜਗਤ ਵਿਚ ਆ ਉਤਰੀ । ਜਗਤ ਗੁਰੂ ਨੇ ਸੰਸਾਰ ਨੂੰ ਜੜ੍ਹਤਾ ਤੇ ਅਗਿਆਨਤਾ ਦੇ ਘੁਪ ਅਨ੍ਹੇਰੇ ਵਿਚ ਗ੍ਰਸਿਤ ਤੱਕਿਆ ਅਤੇ ਝੂਠ, ਪਾਪ, ਪਖੰਡ ਤੇ ਅਨਿਆਇ ਦੀ ਪ੍ਰਧਾਨਤਾ ਵੇਖੀ. । ਉਨ੍ਹਾਂ ਨੇ ਵੇਖਿਆ ਕਿ ਭਾਵੇਂ ਸੰਸਾਰ ਦੇ ਲੋਕ, ਖਾਂਦੇ ਪੀਂਦੇ, ਪਹਿਨਦੇ, ਹੱਸਦੇ ਨੱਚਦੇ, ਕਾਰੋਬਾਰ ਕਰਦੇ ਤੇ ਰੰਗ ਰਲੀਆਂ ਮਨਾਉਂਦੇ ਹਨ, ਪਰ ਸੱਚ ਤੇ ਧਰਮ ਤੋਂ ਕੋਰੇ ਹੋਣ ਕਰਕੇ ਭੰਭਲ-ਭੂਸੇ ਖਾ ਰਹੇ ਹਨ । ਪਾਪ-ਗ੍ਰਾਸੀ ਪ੍ਰਿਥਵੀ ਦੇ ਵਸਨੀਕਾਂ ਦੀ ਆਤਮਾ ਸੜ ਕੇ ਕਾਲੇ ਕੋਲੇ ਦਾ ਰੂਪ ਧਾਰਨ ਕਰ ਚੁਕੀ ਹੈ ।

ਬਾਬਾ ਦੇਖੈ ਧਿਆਨ ਧਰ,
ਜਲਤੀ ਸਭ ਪ੍ਰਿਥਵੀ ਦਿਸ ਆਈ ।

ਜਗਤ ਗੁਰੂ, ਦਇਆ, ਤਰਸ ਤੇ ਮਿਹਰ ਦੇ ਘਰ ਵਿਚ ਆਇਆ । ਆਪ ਨੇ ਜੀਵਾਂ ਵਲੋਂ ਹੋ ਕੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕੀਤੀ ! ਰੱਬੀ ਦਰਬਾਰੋਂ ਬਖਸ਼ਸ਼ ਹੋਈ । ਬਾਬੇ ਨੂੰ ਨਾਮ-ਦਾਤ ਧੁਰ ਦਰਗਾਹੋਂ ਮਿਲੀ ।

ਪਹਿਲੋਂ ਬਾਬੇ ਪਾਇਆ ਬਖਸ਼ ਦਰ,
ਪਿਛੋਂ ਦੇ ਫਿਰ ਘਾਲ ਕਮਾਈ ।

ਜਗਤ-ਜੀਵ, ਆਪਣੇ ਕੇਂਦਰ ਅਕਾਲ ਪੁਰਖ ਤੋਂ ਵਿਛੜ ਕੇ ਭੰਬਲ ਭੂਸੇ ਤੇ ਭੁਲੇਖੇ ਵਿਚ ਪੈ ਚੁਕੇ ਸਨ । ਗੁਰੂ ਵੈਦ ਨੇ ਤਰਸ ਖਾ ਕੇ ਗਿਆਨ ਨਸ਼ਤਰ ਨਾਲ, ਹਉਮੈ ਦੇ ਗੁੰਮ ਫੋੜੇ ਨੂੰ ਚੀਰਾ ਦਿਤਾ । ਭਰਮ ਤੇ ਅਗਿਆਨਤਾ ਵਿਚੋਂ ਕਢ ਕੇ ਨਾਮ ਦਾ ਠੰਢਾ ਸੁਖਾਵਾਂ ਫਹਿਆ ਲਾ ਕੇ ਨਿਰੋਗ ਕੀਤਾ ।

ਸੰਸਾਰੁ ਰੋਗੀ, ਨਾਮੁ ਦਾਰੁ, ਮੈਲੁ ਲਾਗੈ ਸਚ ਬਿਨਾ ॥

ਸਤਿਗੁਰੂ ਜੀ ਤੋਂ ਨਾਮ ਦਾਨ ਪ੍ਰਾਪਤ ਕਰ ਚੁਕੇ ਲੋਕ, ਪਰਮ ਅਨੰਦ ਦੀ ਸੁਗੰਧੀ ਨਾਲ ਇਉਂ ਬੋਹਿਤ (ਸੁਗੰਧਤ) ਹੋ ਉਠੇ, ਜਿਵੇਂ ਚੰਦਨ ਰੁਖ ਵਾਲੇ ਜੰਗਲ ਵਿਚ ਖੜੇ ਹੋਏ ਰੁੱਖ ਬਿਰਖ । ਪਰਮ ਪਿਤਾ ਜੀ ਤੋਂ ਵਰੋਸਾਏ ਹੋਏ ਅਜਿਹੇ ਇਸਤ੍ਰੀ ਪੁਰਸ਼, ਅਮੀਰ ਗਰੀਬ, ਊਚ ਨੀਚ, ਰਾਜਾ ਰੰਕ, ਪੰਡਤ ਮੌਲਵੀ, ਮੂੜ ਸਿਧ, ਜਤੀ ਜੋਗੀ, ਸ਼ਹਿਰੀ ਪੇਂਡੂ ਤੇ ਪਾਪੀ ਪਾਖੰਡੀ ਆਪਣੇ ਅੰਦਰ ਲਟ ਲਟ ਬਲਦਾ ਗਿਆਨ ਦਾ ਸੂਰਜ ਅਨੁਭਵ ਕਰਨ ਲਗ ਪਏ । ਉਹਨਾਂ ਦੀ ਬੁੱਧੀ ਤੇ ਆਤਮਕ



www.AKJ.Org

ਅਨੁਭਵ ਦਾ ਤੰਗ ਸੋੜਾ ਦਾਇਰਾ ਵਿਸ਼ਾਲਤਾ ਤੇ ਫੈਲਾਉ ਵਾਲਾ ਹੋ ਗਇਆ। ਗੁਰੂ ਬਾਬੇ ਦੇ ਅਣੀਆਲੇ ਤੀਰਾਂ ਨੇ ਉਪਦੇਸ਼ ਦੁਆਰਾ ਤੇਜ਼ ਘਾਉ ਕੀਤੇ। ਦਰਸ਼ਕਾਂ ਤੇ ਸਰੋਤਿਆਂ ਦੀ ਆਤਮਾ, ਪ੍ਰੇਮ, ਖਿੱਚ, ਵੈਰਾਗ ਤੇ ਰਸ ਵਿਚ ਦ੍ਰਵੀਭੂਤ ਹੋ ਕੇ ਵਹਿ ਤੁਰੀ।

ਹੁਣ ਇਹ ਬਦਲੇ ਹੋਏ ਲੋਕ ਆਪਣੇ ਆਪ ਨੂੰ ਜਲ-ਕਣੀ ਦੀ ਥਾਂ ਸਮੁੰਦਰ ਦਾ ਰੂਪ ਸਮਝਣ ਲਗ ਪਏ। ਖ਼ੁਦੀ ਤੇ ਸ਼ਖ਼ਸੀ ਦਾਇਰੇ ਵਿਚੋਂ ਉਠ ਕੇ ਖੰਡਾਂ, ਵਰਭੰਡਾਂ, ਸਰਾਂ, ਮੇਰਾਂ, ਜੰਤਾਂਹ ਦੇ ਸੈਲਾਨੀ ਬਣ ਗਏ। ਗੁਰਬਾਣੀ ਦੇ ਵਿਚਾਰ ਤੇ ਨਾਮ ਸਿਮਰਨ ਕੀ ਲਿਵਤਾਰ ਨੇ ਇਕ ਅੰਜਿਹੇ ਅਨੂਠੇ ਰਸ ਦੀ ਨਿਮਗਨਤਾ ਬਖਸ਼ੀ ਕਿ ਉਸ ਅਗੰਮੀ ਸੁਆਦ ਵਿਚ ਗੜੂੰਦ ਹੋਇਆਂ ਨੂੰ ਦੁਨੀਆ ਦੇ ਵਡੇ ਵਡੇ ਸੁਖ ਹੇਚ ਭਾਸਣ ਲਗੇ।

ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੀ ਸੰਸਾਰ ਦੀ ਕਾਇਆਂ ਪਲਟਣ ਵਾਲੀ ਅਵਸਥਾ ਦਾ ਵਰਨਣ ਭਾਈ ਗੁਰਦਾਸ ਜੀ ਦੀ ਪਉੜੀ ਤੋਂ ਪ੍ਰਗਟ ਹੁੰਦਾ ਹੈ:—

ਨਿਹਚਲ ਨੀਉ ਧਰਾਈਓਨੁ, ਸਾਧ ਸੰਗਤਿ ਸਚ
ਖੰਡ ਸਮੇਉ। ਗੁਰਮੁਖ ਪੰਥ ਚਲਾਇਓਨੁ,
ਸੁਖ ਸਾਗਰ ਬੇਅੰਤ ਅਮੇਉ। ਸਚਿ ਸਬਦਿ
ਆਰਾਧੀਐ, ਅਗਮ ਅਗੋਚਰ ਅਲਖ ਅਭੇਉ।
ਚਹੁੰ ਵਰਨਾਂ ਉਪਦੇਸ਼ਦਾ, ਛਿਅ ਦਰਸਨ ਸਭਿ
ਸੇਵਕ ਸੇਉ। ਮਿਠਾ ਬੋਲਣੁ ਨਿਵ ਚਲਣੁ,
ਗੁਰਮੁਖਿ ਭਾਉ ਭਗਤਿ ਅਰਥੇਉ। ਆਦਿ ਪੁਰਖੁ
ਆਦੇਸ ਹੈ, ਅਬਿਨਾਸੀ ਅਤਿ ਅਛਲ ਛਲੇਉ।
ਜਗਤ ਗੁਰੂ ਗੁਰੂ ਨਾਨਕ ਦੇਉ।

ਗੁਰੂ ਨਾਨਕ ਦੇਵ ਜੀ ਦੀ ਰਸ ਭਰੀ ਵਿਸਮਾਦੀ ਲਿਵਲੀਨਤਾ, ਉਹਨਾਂ ਦੇ ਜਲਾਲ ਭਰੇ ਮਸਤਕ, ਨਸ਼ੀਲੇ ਨੈਣਾਂ, ਸੁਹਾਵਣੇ ਬੁੱਲ੍ਹਾਂ, ਨੂਰਾਨੀ ਕੇਸਾਂ ਤੇ ਲਟਕਵੀਂ ਚਾਲ ਵਿਚ ਸਮਾਈ ਹੋਈ ਸੀ। ਕੀ ਬਾਬਰ ਦੀ ਚੱਕੀ ਚਲਾਉਂਦਿਆਂ ਤੇ ਕੀ ਰਾਜੇ ਸ਼ਿਵਨਾਭ ਪਾਸੋਂ ਆਦਰ ਲੈਂਦਿਆਂ, ਕੀ ਭਾਈ ਲਾਲੋ ਦੀ ਸੁੱਕੀ ਕੋਧਰੇ ਦੀ ਰੋਟੀ ਪ੍ਰੇਮ ਨਾਲ ਪਚਾਕਦਿਆਂ ਤੇ ਕੀ ਸਿੱਧਾਂ ਦੇ ਕਰਾਮਾਤੀ ਡਰਾਉਣੇ ਸੱਪਾ ਬਘਿਆੜਾਂ ਨੂੰ ਵੇਖਦਿਆਂ ਹੋਇਆਂ ਗੁਰੂ ਜੀ ਦੀ ਆਤਮਾ, ਅਨੂਠੇ ਵਿਸਮਾਦੀ ਰਸ ਵਿਚ ਗੁੱਟ ਰਹਿੰਦੀ। ਉਹਨਾਂ ਦੇ ਆਤਮਕ ਪਰਕਾਸ਼ ਦੀ ਰੌਸ਼ਨੀ ਨਾਲ, ਦੁਨੀਆ ਦਾ ਜ਼ਰਾ ਜ਼ਰਾ ਸੁਨਹਿਰੀ ਆਭਾ ਨਾਲ ਜਗਮਗਾ ਉਠਿਆ ਤੇ ਆਪ ਨੇ ਫ਼ੁਰਮਾਇਆ —

ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥......
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥
ਵਿਸਮਾਦੁ ਉਝੜ ਵਿਸਮਾਦੁ ਰਾਹ॥......

ਇਸ ਅਨੂਪਮ ਤੇ ਅਸਚਰਜ ਹਾਲਤ ਵਿਚ ਰੋਗੀ ਸੰਸਾਰ ਦੀ ਵਿਚਾਰ ਦਾ ਦਾਇਰਾ ਵੀ ਖੁਲ੍ਹਾ ਹੋ ਗਇਆ। ਈਰਖਾ, ਸਾੜੇ ਤੇ ਦੁਪਿਆਰਤਾ ਦੀ ਥਾਂ ਮੈਤਰੀ, ਪ੍ਰੇਮ, ਭਰੱਪਣ ਤੇ ਸਹੋਦਰਤਾ ਨੇ ਆ ਮੱਲੀ। ਖ਼ੁਦੀ ਮਿਟ ਗਈ, ਆਸੁਰੀ ਭਾਵਾਂ ਉਤੇ ਦੈਵੀ ਸੰਪਦਾ ਦੇ ਗੁਣਾਂ ਨੇ ਵਿਜੈ ਪਰਾਪਤ ਕਰ ਲਈ। ਦੁਨੀਆ ਵਿਚ ਸ਼ਾਂਤੀ ਪਸਰ ਗਈ ਤੇ ਇਉਂ ਜੀਵਾਂ ਤੇ ਵਾਹਿਗੁਰੂ ਜੀ ਦੇ ਵਿਚਕਾਰ ਜੋ ਭੁੱਲ ਦਾ ਪਾੜਾ ਪਿਆ ਹੋਇਆ ਸੀ, ਉਹ ਦੂਰ ਹੋ ਗਿਆ ਅਤੇ ਜੀਵਾਂ ਦੇ ਕਰਮ, ਪਿਆਰ ਤੇ ਪਰਉਪਕਾਰ ਵਾਲੇ ਹੋ ਗਏ।

ਅੱਜ ਦੀ ਦੁਨੀਆ ਫੇਰ ਉਹਨਾਂ ਆਤਮਕ ਉਚਿਆਣਾਂ ਦੇ ਵਿਸਮਾਦ-ਮਈ ਰਸਾਂ ਤੋਂ ਸੁੰਞੀ ਹੋ ਰਹੀ ਹੈ। ਸੋਚ ਤੇ ਅਨੁਭਵ ਦੇ ਦਾਇਰੇ ਤੰਗ ਹੋ ਕੇ ਖ਼ੁਦਗਰਜ਼ੀ ਤੇ ਆਪਾ-ਧਾਪੀ ਦਾ ਦੌਰ-ਦੌਰਾ ਹੋ ਰਿਹਾ ਹੈ। ਹਰੇਕ ਪ੍ਰਾਣੀ ਤਰੱਕੀ ਖੁਣੋਂ ਅਟਕ ਵਿਚ ਹੈ। ਸ਼ਖ਼ਸੀਅਤਾਂ ਦਾ ਆਤਮ-ਵਿਕਾਸ ਰੁਕ ਜਾਣ ਕਰਕੇ ਹਉਮੈ, ਤ੍ਰਿਸ਼ਨਾ ਤੇ ਪਸ਼ੂ-ਬਿਰਤੀਆਂ ਪਰਧਾਨ ਹੋ ਗਈਆਂ ਹਨ। ਸੰਸਾਰ ਦੇ ਸਭਜ ਅਖਵਾਉਣ ਵਾਲੇ ਦੇਸ਼ ਈਰਖਾ ਤੇ ਸਾੜੇ ਵਿਚ ਫੁੰਕਾਰਦੇ ਹੋਏ, ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਜੰਗ ਦੀ ਮੰਗ ਕਰ ਰਹੇ ਹਨ। ਵਿਦਿਆ, ਧਨ, ਅਰੋਗਤਾ, ਵਡ ਉਮਰੀ, ਸੁਖ ਤੇ ਐਸ਼ਵਰਜ ਆਦਿ ਚੀਜ਼ਾਂ ਨਾਲ ਸਪੰਨ ਦੇਸ਼, ਲਾਲਚ, ਹੰਕਾਰ ਤੇ ਈਰਖਾ ਨਾਲ ਅਸ਼ਾਂਤ ਹੋ ਰਹੇ ਹਨ। ਕੋਈ ਅਕਲ ਚਤੁਰਾਈ ਜਾਂ ਨੀਤੀ ਹਾਰਦਿਕ ਸ਼ਾਂਤੀ ਦੀ ਕਾਇਮੀ ਲਈ ਸਫਲ ਨਹੀਂ ਹੋ ਰਹੀ। ਇਸ ਨਿਰਾਸਤਾ ਭਰੀ ਸੰਸਾਰ-ਬਿਰਤੀ ਵਿਚ ਗੁਰੂ ਨਾਨਕ ਦੇਵ ਜੀ ਦਾ ਸਰਬ-ਸਾਂਝਾ ਤੇ

[ਬਾਕੀ ੧੯ ਸਫ਼ੇ ਦੇ ਹੇਠ



www.AKJ.Org

# ਧਰਮਸਾਲ—ਗੁਰਦਵਾਰਾ

[ਵਲੋਂ :- ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ]

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ। ਜਿਉ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ। ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਇ, ਨ ਧੀਰ ਧਰੋਆ। ਜਿਥੈ ਬਾਬਾ ਪੈਰ ਧਰੇ, ਪੂਜਾ ਆਸਣ ਥਾਪਣ ਸੋਆ। ਸਿਧ-ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ। ਘਰ ਘਰ ਅੰਦਰ ਧਰਮਸਾਲ, ਹੋਵੈ ਕੀਰਤਨ ਸਦਾ ਵਸੋਆ। ਬਾਬੇ ਤਾਰੇ ਚਾਰ ਚੱਕ, ਨੌਂ ਖੰਡ ਪ੍ਰਿਥਮੀ ਸਚਾ ਢੋਆ। ਗੁਰਮੁਖ ਕਲਿ ਵਿਚ ਪਰਗਟ ਹੋਆ।

[ਭਾ: ਗੁਰਦਾਸ ਜੀ ਵਾਰ ੧, ਪਉੜੀ ੨੭

ਸਿਖ ਧਰਮ ਵਿਚ 'ਗੁਰਦਵਾਰਾ' ਉਸ ਪਵਿੱਤਰ ਅਸਥਾਨ ਦਾ ਨਾਉਂ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਦਰਸ਼ਨ-ਦੀਦਾਰ, ਗੁਰਬਾਣੀ ਦਾ ਅਖੰਡ ਕੀਰਤਨ-ਦਰਬਾਰ, ਅੰਮ੍ਰਿਤ-ਸੰਚਾਰ, ਸਰਬ ⁀ ਸਾਂਝਾ ਪਿਆਰ ਅਤੇ ਗੁਰ-ਇਤਿਹਾਸ ਦੁਆਰਾ ੧ੳ ਦਾ ਪ੍ਰਚਾਰ ਹੁੰਦਾ ਹੋਵੇ। ਅਜਿਹੇ ਅਸਥਾਨ ਦੀ ਪਛਾਣ ਗੁਰੂ ਪੰਥ ਦੇ ਖ਼ਾਲਸਈ ਨਿਸ਼ਾਨ ਸਾਹਿਬ (ਧਰਮ-ਧੁਜਾ*) ਤੋਂ ਹੁੰਦੀ ਹੈ। ਨਿਸ਼ਾਨ ਸਾਹਿਬ ਦੇ ਸਿਰੇ ਤੇ ਲਿਸ਼ ਲਿਸ਼ ਕਰਦਾ ਸਰਬ ਲੌਹ ਦਾ ਦੋਧਾਰਾ ਖੰਡਾ† ਅਤੇ ਕੇਸਰੀ (ਬਸੰਤੀ) ਰੰਗ ਦਾ ਫਰਹਿਰਾ ਇਕ ਨਿਰਾਲੀ ਸ਼ਾਨ ਵਿਚ ਝੂਲਦਾ ਹੋਇਆ ਆਪਣੀ ਧਾਰਮਿਕ ਵਿਲੱਖਣਤਾ ਪ੍ਰਗਟ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਯਾਤਰਾ ਕੀਤੀ, ਲੋਕਾਂ ਨੂੰ ਪਾਪ-ਕਰਮਾਂ ਤੋਂ ਹਟਾ ਕੇ ਸਤ-ਮਾਰਗ ਤੇ ਚਲਾਉਣ ਲਈ ਅਨੇਕ ਥਾਵਾਂ ਤੇ ਧਰਮਸਾਲਾਂ ਅਥਵਾ

---

* ਗੁਰੂ ਸਮਰਥੁ ਗਹਿ ਕਰੀਆ, ਧ੍ਰਵ ਬੁਧਿ ਸੁਮਤਿ ਸਮ੍ਹਾਰਨ ਕਉ॥ ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ, ਅਘ ਪੁੰਜ ਤਰੰਗ ਨਿਵਾਰਨ ਕਉ॥ ਮਥੁਰਾ ਜਨ ਜਾਨਿ ਕਹੀ ਜੀਅ ਸਾਚੁ, ਸੁ ਅਉਰ ਕਛੂ ਨ ਬਿਚਾਰਨ ਕਉ॥ ਹਰਿ ਨਾਮੁ ਬੋਹਿਥੁ ਬਡੌ ਕਲਿ ਮੈ, ਭਵਸਾਗਰ ਪਾਰਿ ਉਤਾਰਨ ਕਉ॥ [ਪੰਨਾ ੧੪੦੪

† ਨਿਹੰਗ ਸਿੰਘ ਇਸ ਨੂੰ 'ਅਸਿ' ਆਖਦੇ ਹਨ।

---

[ਸਫ਼ਾ ੧੮ ਦੀ ਬਾਕੀ]

ਸੁਲਾਹਕੁਲ ਉਪਦੇਸ਼, ਤਪਤ ਹਿਰਦਿਆਂ ਨੂੰ ਸ਼ਾਂਤ ਕਰ ਸਕਦਾ ਹੈ, ਜੇ ਜੀਵ ਅਕਾਲ ਪੁਰਖ ਦੀ ਟੇਕ ਪਕੜ ਕੇ ਗੁਰ-ਸ਼ਬਦ ਦੀ ਕਮਾਈ ਵਿਚ ਲਗ ਜਾਣ। ਸਭ ਤੋਂ ਵਧੀਕ ਲੋੜ ਸਿਖਾਂ ਨੂੰ ਹੈ ਕਿ ਉਹ ਈਸ਼ਵਰ ਪ੍ਰਾਇਣ ਹੋ ਕੇ ਆਮ ਲੋਕਾਂ ਦੀ ਚਾਲੇ ਚਲਣ ਦੀ ਥਾਂ ਆਪਣੀ ਸੋਧ ਕਰਨ। ਗੁਰਬਾਣੀ ਤਾਂ ਉੱਚੀ ਸੁਰ ਵਿਚ ਦਸ ਰਹੀ ਹੈ ਕਿ —

ਸੰਚਿ ਹਰਿ ਧਨੁ, ਪੂਜਿ ਸਤਿਗੁਰੁ,
ਛੋਡਿ ਸਗਲ ਵਿਕਾਰ॥

ਹਰੇਕ ਸਿਖ ਦਾ ਫ਼ਰਜ਼ ਹੈ ਕਿ ਉਹ ਆਪਣੀ ਆਤਮਾ ਦਾ ਸੰਬੰਧ ਜਾਗਦੀ ਜੋਤ ਨਾਲ ਜੋੜ ਕੇ ਆਪਣੀ ਦ੍ਰਿਸ਼ਟੀ ਨੂੰ ਬ੍ਰਹਿਮੰਡੀ ਬਣਾਵੇ। ਆਪਣੇ ਅੰਦਰੋਂ ਹਉਮੈ ਨੂੰ ਕਢ ਕੇ, ਪ੍ਰਾਣੀ ਮਾਤਰ ਦੀ ਸੇਵਾ ਲਈ ਤਤਪਰ ਹੋਵੇ। ਇਸੇ ਤਰ੍ਹਾਂ ਹੀ ਇਕ ਇਕ ਸ਼ਖ਼ਸੀਅਤ ਵਿਕਸਤ ਹੋ ਸਕਦੀ ਹੈ ਤੇ ਕੇਵਲ ਇਸੇ ਤਰ੍ਹਾਂ ਹੀ ਸੰਸਾਰ ਦੇ ਸਮੂਹਾਂ ਅੰਦਰ ਸ਼ਾਂਤੀ ਵਰਤ ਸਕਦੀ ਹੈ। ਗੁਰੂ ਨਾਨਕ, ਦੈਵੀ ਮੰਡਲਾਂ ਵਿਚੋਂ ਕਿਵੇਂ ਰੱਬੀ ਸੱਦ ਸੁਣਾ ਰਿਹਾ ਹੈ। ਕਿੰਨਾ ਪਿਆਰ ਤੇ ਦਇਆ ਭਾਵ ਹੈ ਇਸ ਗੁਰੂ-ਹਿਰਦੇ ਵਿਚ—

ਸੁਣਿ ਮਨ ਮਿਤ੍ਰ ਪਿਆਰਿਆ, ਮਿਲੁ ਵੇਲਾ ਹੈ ਏਹ॥ ਜਬ ਲਗੁ ਜੋਬਨਿ ਸਾਸੁ ਹੈ, ਤਬ ਲਗੁ ਇਹੁ ਤਨੁ ਦੇਹ॥ ਬਿਨੁ ਗੁਣ ਕਾਮਿ ਨ ਆਵਈ, ਢਹਿ ਢੇਰੀ ਤਨੁ ਖੇਹ॥ ਮੇਰੇ ਮਨ, ਲੈ ਲਾਹਾ ਘਰਿ ਜਾਹਿ॥ ਗੁਰਮੁਖਿ ਨਾਮੁ ਸਲਾਹੀਐ, ਹਉਮੈ ਨਿਵਰੀ ਭਾਹਿ॥

———



www.AKJ.Org

ਗੁਰਦੁਆਰੇ ਬਣਵਾਏ। ਵਰਤਮਾਨ ਸਮੇਂ ਵਿੱਚ ਧਰਮਸ਼ਾਲਾ ਸ਼ਬਦ ਗੁਰਦੁਆਰਾ ਸ਼ਬਦ ਦੇ ਅਰਥਾਂ ਨਾਲ ਮੇਲ ਨਹੀਂ ਖਾਂਦਾ, ਕਿਉਂਕਿ ਅੱਜ ਕਲ੍ਹ ਧਰਮਸ਼ਾਲਾ ਉਸ ਥਾਂ ਨੂੰ ਆਖਿਆ ਜਾਂਦਾ ਹੈ ਜਿਥੇ ਪਰਦੇਸੀ ਠਹਿਰਨ। ਧਰਮਸ਼ਾਲਾ ਖ਼ਾਸ ਕਰਕੇ ਸਰਾਵਾਂ ਵਾਂਗ ਵਿਆਹ ਸ਼ਾਦੀਆਂ ਲਈ ਵਧੇਰੇ ਵਰਤਣ ਵਿਚ ਆ ਰਹੀਆਂ ਹਨ। ਅਜਿਹੀਆਂ ਧਰਮਸ਼ਾਲਾਂ ਵਿਅਕਤੀਗਤ ਨਾਵਾਂ ਤੇ ਸਥਾਪਤ ਹਨ ਅਤੇ ਕਿਸੇ ਨ ਕਿਸੇ ਫ਼ਿਰਕੇ ਨਾਲ ਸੰਬੰਧਤ ਹਨ। ਇਨ੍ਹਾਂ ਵਿੱਚ ਸਿਵਾਇ ਖਾਣ, ਪੀਣ, ਸੌਣ ਅਤੇ ਮਨੋਰੰਜਨ ਹਾਵਾਂ ਭਾਵਾਂ ਦੇ ਹੋਰ ਕੋਈ ਧਾਰਮਕ, ਅਧਿਆਤਮਕ ਪ੍ਰਚਾਰ ਨਹੀਂ ਹੁੰਦਾ।

ਗੁਰਦੁਆਰੇ ਸਿੱਖ ਧਰਮ ਦੇ ਮੂਲਕ ਸੋਮੇ ਹਨ, ਜਿਥੇ ਕਿ ਨਾਮ ਬਾਣੀ ਦੇ ਝਰਨੇ ਸਦਾ ਚਲਦੇ ਰਹਿੰਦੇ ਹਨ। ਆਏ ਗਏ ਅਭਿਆਗਤਾਂ ਨੂੰ ਜਿਥੇ ਗੁਰੂ ਕਾ ਲੰਗਰ ਪ੍ਰੇਮ-ਪਿਆਰ ਸਹਿਤ ਛਕਾਇਆ ਜਾਂਦਾ ਹੈ ਉਥੇ ਬਿਸਰਾਮ ਲਈ ਥਾਂ ਵੀ ਮਿਲਦੀ ਹੈ। ਇਥੇ ਹਰ ਇਕ ਜਾਤੀ ਦੇ ਵਿਅਕਤੀ ਨੂੰ ਇਕੋ ਜਿਹਾ ਆਦਰ ਸਨਮਾਨ ਦਿੱਤਾ ਜਾਂਦਾ ਹੈ। ਗੁਰਦੁਆਰੇ ਵਿਚ ਜਿਥੇ ਸਰੀਰਕ ਅਹਾਰ ਵੰਡਿਆ ਜਾਂਦਾ ਹੈ ਉਥੇ ਆਤਮਕ ਭੋਜਨ ਦੇ ਭੰਡਾਰ ਦਾ ਸਦਾ-ਵਰਤ ਲੱਗਿਆ ਰਹਿੰਦਾ ਹੈ। 'ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰੁ'' ਦਾ ਪ੍ਰਚਾਰ ਹੁੰਦਾ ਰਹਿੰਦਾ ਹੈ। ਗੁਰਦਵਾਰੇ ਜਿਥੇ ਖ਼ਾਲਸਾ ਪੰਥ ਦੇ ਸਿਖਿਆਰਥੀਆਂ ਲਈ ਚਾਟਸਾਲਾਂ ਦਾ ਕੰਮ ਦੇਂਦੇ ਹਨ ਉਥੇ ਨਿਆਸਰੇ ਰੋਗੀਆਂ ਲਈ ਇਲਾਜ ਦਾ ਵੀ ਸਾਧਨ ਹਨ। ਸ਼ਬਦ-ਸਰੂਪ ਨਿਰੰਕਾਰੀ ਸਤਿਗੁਰੂ ਜੀ ਸੰਤ ਸੰਗਤ ਰੂਪ ਸੱਚਖੰਡ ਦੇ ਝਰੋਖੇ ਵਿੱਚ ਆਪਣੀ ਰਸਨਾ ਰੂਪ ਬਾਰੀ ਖੋਲ੍ਹਦੇ ਹਨ, ਅੰਮ੍ਰਿਤ ਦੀਆਂ ਅਨੂਪਮ ਕਿਰਨਾਂ ਇਕ-ਰਸ ਵਰ੍ਹਦੀਆਂ ਹਨ। ਸਤਿਗੁਰੂ ਜੀ ਅਲਾਹੀ ਸ਼ਬਦ ਦਾ ਉਚਾਰਨ ਕਰਦੇ ਹਨ।

ਗੁਰਮਤਿ 'ਗਾਡੀ ਰਾਹ' ਹੈ। ਗੁਰਸਿਖ ਨੂੰ ਸਵੇਰੇ ਤੇ ਸੰਝ ਦੋਵੇਂ ਵੇਲੇ ਗੁਰੂ-ਦਰਬਾਰ ਵਿਚ ਹਾਜ਼ਰੀ ਭਰਨ ਲਈ ਜਾਣਾ ਉਚਿਤ ਹੈ। ਗੁਰਸਿਖ ਗੁਰਦੁਆਰੇ ਦੇ ਦਰਸ਼ਨ ਕਰਨ ਜਾਣ ਸਮੇਂ, ਘਰ ਤੋਂ ਟੁਰਦਿਆਂ ਹੀ ਕੇਵਲ ਗੁਰ-ਦਰਸ਼ਨ ਵਿਚ ਸੁਰਤ ਟਿਕਾਏ, ਹੋਰ ਫੁਰਨਿਆਂ-ਕਫੁਰਨਿਆਂ ਨੂੰ ਰੋਕੇ ਅਤੇ ਬਾਹਰ ਦੀ ਝਾਕ ਤਿਆਗ ਕੇ ਅੰਤਰਮੁਖੀ ਗੁਰ-ਸ਼ਬਦ ਵਿਚ ਸੁਰਤ ਨੂੰ ਜੋੜੇ। ਇਹ ਪਕਾਈ ਹੋਈ ਆਦਤ ਫਿਰ ਸਾਰਾ ਦਿਨ ਇਸ ਰੰਗ ਵਿਚ ਵਿਗਸਾਈ ਰਖੇਗੀ।

ਭਾਈ ਗੁਰਦਾਸ ਜੀ ਨੇ ਗੁਰਸਿੱਖ ਦੀ ਨਿੱਤ ਕਿਰਿਆ ਦਾ ਵਰਨਣ ਕਰਦੇ ਹੋਏ ਗੁਰਦੁਆਰੇ ਜਾਣ ਦੀ ਮਰਯਾਦਾ ਨੂੰ ਇਉਂ ਨਿਰੂਪਣ ਕੀਤਾ ਹੈ:—

ਗੁਰੁ ਸਿਖ ਭਲਕੇ ਉਠ ਕਰ, ਅੰਮ੍ਰਿਤ ਵੇਲੇ ਸਰ ਨਾਵੰਦਾ ॥
ਗੁਰ ਕੈ ਵਚਨ ਉਚਾਰ ਕੈ, ਧਰਮਸਾਲਾ ਦੀ ਸੁਰਤਿ ਕਰੰਦਾ ॥
ਸਾਧ ਸੰਗਤ ਵਿਚ ਜਾਇਕੈ, ਗੁਰਬਾਣੀ ਦੇ ਪ੍ਰੀਤ ਸੁਣੰਦਾ ॥
ਸ਼ੰਕਾ ਮਨਹੁ ਮਿਟਾਇਕੈ, ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰ ਧਰਮ ਦੀ, ਲੈ ਪਰਸਾਦਿ ਆਣ ਵਰਤੰਦਾ ॥
ਗੁਰਸਿਖਾਂ ਨੂੰ ਦੇਇ ਕਰ, ਪਿਛੋਂ ਬਚਿਆ ਆਪ ਖਾਵੰਦਾ ॥
ਕਲੀਕਾਲ ਪਰਗਾਸ ਕਰ, ਗੁਰ ਚੇਲਾ, ਚੇਲਾ ਗੁਰੁ ਸੰਦਾ ॥
ਗੁਰਮੁਖਿ ਗਾਡੀ ਰਾਹੁ ਚਲੰਦਾ ॥ [ਵਾਰ ੪੦, ਪਉੜੀ ੧੧

ਗੁਰਸਿਖੀ ਦੇ ਦਰਸ਼ਨ ਗੁਰਦਵਾਰੇ ਵਿਚ ਹੁੰਦੇ ਹਨ —

੧. ਗੁਰਸਿਖੀ ਦਾ ਦੇਖਣਾ
ਗੁਰਮੁਖ ਸਾਧ ਸੰਗਤਿ ਗੁਰਦੁਆਰਾ ॥
ਗੁਰਸਿਖੀ ਦਾ ਚਖਣਾ
ਸਾਧ ਸੰਗਤਿ ਗੁਰ ਸ਼ਬਦ ਵਿਚਾਰਾ ॥
[ਵਾਰ ੨੮, ਪਉੜੀ ੭

੨. ਚਾਰ ਵਰਨ ਇਕ ਵਰਨ ਹੋਇ,
ਗੁਰਸਿਖ ਵੜੀਅਨ ਸਨਮੁਖ ਗੋਤੇ ॥
ਧਰਮਸਾਲ ਵਿਚ ਬੀਜਦੇ,
ਕਰ ਗੁਰੁਪੁਰਬ ਸੁਵਣਜ ਸਓਤੇ ॥
[ਵਾਰ ੨੯, ਪਉੜੀ ੫

ਗੁਰਦਵਾਰਾ ਇਕ ਅਜਿਹਾ ਅਸਥਾਨ ਹੈ ਜਿਥੇ ਕਿਸੇ ਜ਼ਾਤੀ ਦੇ ਮਨੁੱਖ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੁੰਦਾ, ਸਭ ਨੂੰ 'ਜੀ ਆਇਆਂ' ਆਖਿਆ ਜਾਂਦਾ ਹੈ। ਤਾਹੀਓਂ ਭਗਤ ਕਬੀਰ ਜੀ ਨੇ ਇਸ ਦਰ ਤੇ ਨਿਸਚਾ ਬੰਨ੍ਹਾਉਂਦੇ ਹੋਏ ਇਉਂ ਉਚਾਰਨ ਕੀਤਾ ਹੈ —

ਕਬੀਰ ਜਿਹ ਦਰੁ ਆਵਤ ਜਾਤਿਅਹੁ ਹਟਕੈ
ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ, ਜੋ ਦਰੁ
ਐਸਾ ਹੋਇ ॥ [ਪੰਨਾ ੧੩੬੭

ਗੁਰਸਿਖਾਂ ਦਾ ਗੁਰਦੁਆਰਿਆਂ ਨਾਲ ਗੂੜ੍ਹਾ ਸੰਬੰਧ ਹੈ। ਜਿਥੇ ਵੀ ਕੋਈ ਸਿਖ ਵਸਦਾ ਹੈ ਉਥੇ



www.AKJ.Org

ਗੁਰਦਵਾਰਾ-ਉਸਾਰੀ ਲਈ ਉਦਮ ਜ਼ਰੂਰ ਕਰਦਾ ਹੈ। ਗੁਰਦਵਾਰਿਆਂ ਵਿਚੋਂ ਹੀ ਸਮਾਜਕ, ਭਾਈਚਾਰਕ, ਤੇ ਹਰ ਪ੍ਰਕਾਰ ਦੀ ਆਤਮਕ ਸੋਝੀ ਪ੍ਰਾਪਤ ਹੁੰਦੀ ਹੈ। ਭਾਵੇਂ ਸਿਖ ਰਾਜਨੀਤੀ, ਸਿਖ ਧਰਮ ਤੋਂ ਵਖਰੀ ਨਹੀਂ, ਪਰ ਵਰਤਮਾਨ ਕਾਲ ਵਿਚ ਗੁਰਧਾਮਾਂ ਦੀ ਅਯੋਗ ਵਰਤੋਂ ਕਰਨੀ ਕਿਸੇ ਵੀ ਪੰਥਕ ਆਗੂ ਲਈ ਉਚਿਤ ਨਹੀਂ। ਇਹ ਵੇਖ ਕੇ ਬੜਾ ਦੁਖ ਹੁੰਦਾ ਹੈ ਕਿ ਇਤਿਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਕੋਈ ਸ਼ਲਾਘਾ-ਯੋਗ ਨਹੀਂ, ਕਿਉਂਕਿ ਉਥੇ ਪਤਿਤ ਕਰਮਚਾਰੀ ਵੇਖਣ ਵਿਚ ਆਉਂਦੇ ਹਨ। ਇਸ ਪ੍ਰਕਾਰ ਦੀਆਂ ਹੋਰ ਕਈ ਊਣਤਾਈਆਂ ਗੁਰਦਵਾਰਾ-ਪ੍ਰਬੰਧ ਵਿਚ ਨਜ਼ਰੀਂ ਆਉਂਦੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਹਿਤ ਯੋਗ ਉਪਰਾਲਾ ਕਰਨ ਦੀ ਸਖ਼ਤ ਲੋੜ ਹੈ। ਸਿੰਘ ਸਭਾਵਾਂ ਅਤੇ ਹੋਰ ਪੰਥਕ ਜਥੇਬੰਦੀਆਂ ਗੁਰਦਵਾਰਿਆਂ ਦੀ ਮਰਯਾਦਾ ਸਤਿਕਾਰਨ ਅਤੇ ਪ੍ਰਚਾਰਨ ਲਈ ਜੇ ਕੋਈ ਚੰਗਾ ਸ਼ਲਾਘਾ-ਯੋਗ ਪ੍ਰੋਗਰਾਮ ਉਲੀਕਣ ਤਾਂ ਇਹ ਆਸ ਬਝ ਸਕਦੀ ਹੈ ਕਿ ਅਸੀਂ ਸਿਖੀ ਵਿਰਸੇ ਨੂੰ ਸੰਭਾਲਣ ਦੇ ਯੋਗ ਹੋ ਜਾਵਾਂਗੇ!

ਹੇਠ ਲਿਖੇ ਕੁਝ ਸੁਝਾਵਾਂ ਨੂੰ ਅਮਲੀ ਰੂਪ ਦੇਣ ਨਾਲ ਖ਼ਾਲਸਾ ਪੰਥ ਵਿਚਲੀਆਂ ਤਰੁੱਟੀਆਂ ਦੂਰ ਹੋ ਕੇ ਇਸ ਦੀ ਚੜ੍ਹਦੀ ਕਲਾ ਹੋ ਸਕਦੀ ਹੈ —

ੳ) ਗੁਰਦੁਆਰਿਆਂ ਦੀਆਂ ਇਮਾਰਤਾਂ ਬੇਸ਼ੱਕ ਉਤਮ ਹੋਣ ਅਤੇ ਹੋਣੀਆਂ ਵੀ ਚਾਹੀਦੀਆਂ ਹਨ, ਪਰ ਨੁਮਾ-ਇਸ਼ੀ ਕੰਮ ਦੀ ਥਾਂ ਸਾਦਗੀ ਹੋਵੇ, ਅਤੇ ਨੁਮਾਇਸ਼ੀ ਕੰਮ ਤੇ ਖ਼ਰਚ ਹੋਣ ਵਾਲੇ ਬੇਲੋੜੇ ਧਨ ਨੂੰ ਧਾਰਮਕ ਲਾਇਬ੍ਰੇਰੀ ਅਤੇ ਖਾਲਸਾ ਸਕੂਲ ਖੋਲ੍ਹਣ ਲਈ ਵਰਤਿਆ ਜਾਵੇ ਜਿਥੇ ਕਿ ਬਚਪਨ ਤੋਂ ਹੀ ਸਿੱਖ ਬੱਚਿਆਂ ਨੂੰ ਗੁਰਮਤਿ ਅਨੁਸਾਰ ਸਿਖਿਆ ਪ੍ਰਾਪਤ ਹੋਵੇ।

ਅ) ਜਿਨ੍ਹਾਂ ਗੁਰਦੁਆਰਿਆਂ ਦੇ ਨਾਉਂ ਜ਼ਮੀਨ ਆਦਿ ਹੋਵੇ ਅਤੇ ਉਨ੍ਹਾਂ ਦੀ ਆਮਦਨ ਖਰਚ ਨਾਲੋਂ ਬਹੁਤ ਜ਼ਿਆਦਾ ਹੋਵੇ ਉਨ੍ਹਾਂ ਲਈ ਇਕ ਸਿੱਖ ਕੇਂਦਰੀ ਭਲਾਈ-ਫ਼ੰਡ ਬਣਾਇਆ ਜਾਵੇ ਅਤੇ ਉਹ ਫ਼ੰਡ ਕਾਰਖ਼ਾਨੇ, ਫ਼ੈਕਟਰੀਆਂ ਆਦਿ ਚਾਲੂ ਕਰਨ ਹਿਤ ਵਰਤਿਆ ਜਾਵੇ,ਤਾਂ ਜੁ ਨਵੀਂ ਗੁਰਸਿਖ ਪਨੀਰੀ ਵੇਹਲੇ ਰਹਿਣ ਦੀ ਬਜਾਇ ਆਪਣੇ ਗ੍ਰਿਹਸਤ ਜੀਵਨ ਵਿਚ ਪ੍ਰਫੁੱਲਤਾ ਪ੍ਰਾਪਤ ਕਰ ਸਕੇ।

ੲ) ਗੁਰਦੁਆਰਿਆਂ ਵਿੱਚ ਵੋਟਾਂ ਰਾਹੀਂ ਚੋਣਾਂ ਕਰਾਉਣ ਦੀ ਥਾਂ ਅਮਲੀ ਜੀਵਨ ਵਾਲੇ ਗੁਰਸਿੱਖਾਂ ਨੂੰ ਗੁਰਦੁਆਰਾ ਪ੍ਰਬੰਧ ਦੀ ਸੇਵਾ ਸੌਂਪੀ ਜਾਵੇ, ਕਿਉਂਕਿ ਗੁਰਦੇਵ ਜੀ ਦਾ "ਪੰਚ ਪਰਵਾਨ ਪੰਚ ਪਰਧਾਨ" ਦਾ ਨਿਯਮ ਹੈ। ਬਹੁਤ ਸਾਰੇ ਵੋਟਰ ਪ੍ਰਣ-ਪੱਤਰ ਭਰਨ ਦੇ ਬਾਵਜੂਦ ਵੀ ਪਤਿਤ ਹੁੰਦੇ ਹਨ।ਸਿੱਖੀ ਨਿਯਮਾਂ ਤੋਂ ਪਤਿਤ ਪ੍ਰਾਣੀਆਂ ਨੂੰ ਗੁਰਸਿੱਖਿਆ ਦੁਆਰਾ ਸੁਧਾਰਨ ਦਾ ਯਤਨ ਕੀਤਾ ਜਾਵੇ,ਪਰ ਜੇ ਉਹ ਕਿਸੇ ਪਰਕਾਰ ਵੀ ਨਾ ਸੁਧਰਨ ਤਾਂ ਉਨ੍ਹਾਂ ਨੂੰ ਸਿਖ ਸਮਾਜ ਵਿੱਚੋਂ ਛੇਕ ਦਿਤਾ ਜਾਵੇ ਤਾਂ ਜੁ ਸਿੱਖ-ਧਰਮ ਦੀ ਸ੍ਰੇਸ਼ਟਤਾ ਕਲੰਕਤ ਨ ਹੋਵੇ।

ਸ) ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਚਲਾਈ ਹੋਈ ਮਰਯਾਦਾ 'ਅੰਮ੍ਰਿਤ ਵੇਲੇ' ਦੀ ਸੰਭਾਲ ਕੀਤੀ ਜਾਏ। ਗੁਰੂ ਬਾਬਾ ਜੀ ਨੇ ਸ੍ਰੀ ਕਰਤਾਰ ਪੁਰ ਧਰਮਸਾਲ ਵਿਚ ਜਿਹੜੀ ਮਰਯਾਦਾ ਆਪਣੀ ਹੋਂਦ ਵਿਚ ਤੋਰੀ ਸੀ ਉਹ ਸਾਡੇ ਲਈ ਇਕ ਚਾਨਣ-ਮੁਨਾਰੇ ਦਾ ਕੰਮ ਦਿੰਦੀ ਹੈ, ਪਰ ਅੱਜ ਇਸ ਦੇ ਉਲਟ ਗੁਰਦੁਆਰਿਆਂ ਵਿੱਚ ਸੁਖਮਨੀ ਦਾ ਪਾਠ ਤਾਂ ਨੇਮ ਨਾਲ ਹੁੰਦਾ ਹੈ ਭਾਵੇਂ ਸੁਨਣ ਵਾਲੇ ਗਿਣਤੀ ਦੇ ਹੀ ਸੱਜਣ ਹੋਣ, ਪਰ ਜਪੁਜੀ ਸਾਹਿਬ, ਜਿਹੜੀ ਕਿ ਆਦਿ ਬਾਣੀ ਹੈ, ਦਾ ਪਾਠ ਅੰਮ੍ਰਿਤ ਵੇਲੇ ਗੁਰਦੁਆਰੇ ਵਿਚ ਘਟ ਹੀ ਸੁਣਾਈ ਦਿੰਦਾ ਹੈ।

ਹ) ਅੰਮ੍ਰਿਤਧਾਰੀ ਸਿੰਘਾਂ ਦੀ ਏਕਤਾ ਅਤੇ ਉਤਸ਼ਾਹ ਨੂੰ ਪੱਕਿਆਂ ਕਰਨ ਹਿਤ ਅਤੇ ਪ੍ਰਸਪਰ ਪਿਆਰ ਨੂੰ ਵਧਾਉਣ ਹਿਤ ਜੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸੰਗਤ ਰੂਪ ਵਿੱਚ ਅਰੰਭ ਕੀਤਾ ਜਾਏ ਤਾਂ ਇਹ ਲਹਿਰ ਬਹੁਤ ਲਾਭਦਾਇਕ ਹੋਵੇਗੀ।

ਕ) ਆਸਾ ਕੀ ਵਾਰ, ਜਿਸ ਦੇ ਕੀਰਤਨ ਦੀ ਮਰਯਾਦਾ ਸ੍ਰੀ ਦਸਮੇਸ਼ ਪਿਤਾ ਜੀ ਨੇ ਜੰਗਾਂ-ਜੁੱਧਾਂ ਦੇ ਸਮੇਂ ਵੀ ਕਾਇਮ ਰੱਖੀ, ਅੱਜ ਆਮ ਗੁਰਦੁਆਰਿਆਂ ਵਿਚ ਇਹ ਮਰਯਾਦਾ ਅਧੂਰੀ ਨਜ਼ਰ ਆ ਰਹੀ ਹੈ, ਸੰਪੂਰਨ ਵਾਰ ਦਾ ਕੀਰਤਨ ਕੁਝ ਗਿਣਤੀ ਦੇ ਗੁਰਦੁਆਰਿਆਂ ਵਿਚ ਹੀ ਹੁੰਦਾ ਹੈ, ਨਹੀਂ ਤਾਂ ਕਿਤੇ ੬, ਕਿਤੇ ੮ ਅਤੇ


www.AKJ.Org

ਕਿਤੇ ੧੨ ਛੱਕੇ ਹੀ ਹਰ ਰੋਜ਼ ਗਾਇਨ ਕਰ ਕੇ ਭੋਗ ਪਾ ਦਿੱਤਾ ਜਾਂਦਾ ਹੈ। ਐਨਾ ਕੁ ਪਰੋਗਰਾਮ ਵੀ ਸੂਰਜ ਚੜ੍ਹੇ ਅਰੰਭ ਕੀਤਾ ਜਾਂਦਾ ਹੈ ਜਦ ਕਿ ਸੂਰਜ* ਚੜ੍ਹਨ ਸਾਰ ਆਸਾ ਕੀ ਵਾਰ ਦੇ ਭੋਗ ਦਾ ਸਮਾਂ ਹੈ।

ਖ) ਸਿੱਖ ਪੰਥ ਵਿਚ ਸਮੂਹ ਗੁਰਦਵਾਰਿਆਂ ਦੀ ਗੁਰਮਤਿ ਮਰਯਾਦਾ (ਭਾਵ ਪਾਠਾਂ ਦੀ ਮਰਯਾਦਾ, ਅੰਮ੍ਰਿਤ ਮਰਯਾਦਾ, ਹੁਕਮਨਾਮਾ ਲੈਣ ਦੀ ਮਰਯਾਦਾ, ਕੜਾਹ ਪ੍ਰਸ਼ਾਦ ਤਿਆਰ ਕਰਨ ਅਤੇ ਵਰਤਾਉਣ ਦੀ ਮਰਯਾਦਾ ਆਦਿ) ਸਮੁੱਚੇ ਤੌਰ ਤੇ ਇਕੋ ਜਿਹੀ ਹੋਣੀ ਚਾਹੀਦੀ ਹੈ। ਰਹਿਤ ਮਰਯਾਦਾ ਦਾ ਜੋ ਖਰੜਾ ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਕਾਫੀ ਸਮੇਂ ਵਿਚ ਤਿਆਰ ਕੀਤਾ ਗਿਆ ਸੀ ਉਸ ਨੂੰ ਸੋਧ ਕੇ ਵਿਸਤ੍ਰਿਤ ਰੂਪ ਵਿੱਚ ਸਿੱਖ ਸੰਗਤਾਂ ਤਾਈਂ ਪਹੁੰਚਾਉਣ ਦੀ ਲੋੜ ਹੈ ਤਾਂ ਜੁ ਅੱਜ ਕਲ੍ਹ ਦੇ ਕਈ ਭਰਮ ਭੁਲੇਖਿਆਂ ਵਿੱਚ ਪਏ ਹੋਏ ਸਿੱਖ ਨੌਜਵਾਨਾਂ, ਜਿਹੜੇ ਕਿ ਸਿੱਖੀ ਰਹਿਤ ਮਰਯਾਦਾ ਤੋਂ ਮੂੰਹ ਮੋੜਦੇ ਜਾ ਰਹੇ ਹਨ, ਨੂੰ ਰਹੁਰੀਤੀ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਪ੍ਰਾਪਤ ਹੋ ਸਕੇ। ਸਮੁੱਚੀ ਮਰਯਾਦਾ ਦੀ ਪਰੰਪਰਾ ਦੀ ਪਰੋੜ੍ਹਤਾ ਵਿਚ ਪ੍ਰਮਾਣੀਕ ਇਤਿਹਾਸਕ ਹਵਾਲੇ ਦੇਣੇ ਲਾਜ਼ਮੀ ਹਨ ਤਾਂ ਜੁ ਕਿਸੇ ਸ਼ੰਕਾਵਾਦੀ ਨੂੰ ਕਿਸੇ ਪ੍ਰਕਾਰ ਦੀ ਛੋਟੀ ਮੋਟੀ ਗੱਲ ਤੇ ਵੀ ਸ਼ੰਕਾ ਕਰਨ ਦਾ ਮੌਕਾ ਨ ਮਿਲੇ।

ਖ਼ਾਲਸਾ ਕੌਮ ਦੀ ਨਿਰਾਲੀ ਸ਼ਾਨ ਨੂੰ ਪੁਰਾਤਨ ਸਮੇਂ ਦੀ ਸ਼ਾਨ ਦੀ ਪੱਧਰ ਤੇ ਲਿਆਉਣ ਲਈ ਇਹ ਸਭ ਕੁਝ ਛੇਤੀ ਤੋਂ ਛੇਤੀ ਕਰਨਾ ਅਤੀ ਜ਼ਰੂਰੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨੂੰ ਸਿੱਖ ਰਾਜ ਆਖਿਆ ਜਾਂਦਾ ਹੈ। ਉਸ ਸਮੇਂ ਦੌਰਾਨ ਬਹੁਤ ਸਾਰੇ ਇਤਿਹਾਸਕ ਗੁਰਦਵਾਰਿਆਂ ਦੀ ਉਸਾਰੀ ਹੋਈ ਅਤੇ ਸਰਕਾਰ ਵੱਲੋਂ ਗੁਰਦਵਾਰਿਆਂ ਦੇ ਨਾਂਉ ਜ਼ਮੀਨਾਂ ਲਾਈਆਂ ਗਈਆਂ, ਮਾਇਕ ਸਹਾਇਤਾ ਤੋਂ ਇਲਾਵਾ ਗੁਰਦੁਆਰਿਆਂ ਤੇ ਸੋਨਾ ਤੱਕ ਵੀ ਲਾਇਆ ਗਿਆ। ਇਸ ਪ੍ਰਕਾਰ ਗੁਰਨਿਸ਼ਾਨਾਂ ਦੀਆਂ ਯਾਦਗਾਰਾਂ ਜ਼ਰੂਰ ਕਾਇਮ ਹੋਈਆਂ, ਪਰ ਗੁਰਦਵਾਰਿਆਂ ਦੇ ਪ੍ਰਬੰਧ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ। ਜਿਸ ਦੇ ਸਿੱਟੇ ਵੱਜੋਂ ਗੁਰਦੁਆਰਾ-ਪ੍ਰਬੰਧ ਦੁਰਾਚਾਰੀ ਮਹੰਤਾਂ ਦੇ ਹੱਥਾਂ ਵਿੱਚ ਆ ਗਿਆ। ਸਰਕਾਰ ਅੰਗਰੇਜ਼ੀ ਉਨ੍ਹਾਂ ਦੁਰਾਚਾਰੀਆਂ ਦੀ ਪਿਠ ਤੇ ਹੋਣ ਕਰਕੇ ਇਸ ਪ੍ਰਬੰਧ ਨੂੰ ਸੁਧਾਰਨ ਹਿਤ ਪੰਥ ਨੂੰ ਅਸਹਿ ਅਤੇ ਅਕਹਿ ਕੁਰਬਾਨੀਆਂ ਦੇ ਰੂਪ ਵਿਚ ਕੀਮਤ ਅਦਾ ਕਰਨੀ ਪਈ। ਓਹੋ ਜਿਹੇ ਹਾਲਾਤ ਹੀ ਹੁਣ ਬਣੇ ਪਏ ਹਨ।

ਪੰਥ ਦੇ ਮਹਾਨ ਵਿਅਕਤੀ ਭਾਈ ਕਾਹਨ ਸਿੰਘ ਜੀ ਨਾਭਾ ਨੇ ਗੁਰਦਵਾਰਾ ਪ੍ਰਬੰਧ ਦੇ ਸੁਧਾਰ ਹਿਤ ਸੰਨ ੧੯੩੦ ਵਿੱਚ ਹੇਠਾਂ ਲਿਖੀ ਜਿਹੜੀ ਭਾਵਨਾ ਪ੍ਰਗਟ ਕੀਤੀ ਸੀ ਉਹ ਅਤੀ ਸ਼ਲਾਘਾਯੋਗ ਅਤੇ ਲਾਭਦਾਇਕ ਹੋਣ ਦੇ ਬਾਵਜੂਦ ਵੀ ਉਸ ਨੂੰ ਅਜੇ ਤੱਕ ਅਪਣਾਇਆ ਨਹੀਂ ਗਿਆ :—

੧) ਗੁਰਦਵਾਰਿਆਂ ਦੇ ਸੇਵਕ ਗੁਰਮਤ ਦੇ ਪੂਰੇ ਗਿਆਤਾ, ਵਿਦਵਾਨ ਅਤੇ ਸਦਾਚਾਰੀ ਹੋਣੇ ਚਾਹੀਦੇ ਹਨ;

੨) ਉਦਾਸੀ, ਨਿਹੰਗ, ਨਿਰਮਲੇ, ਨਾਮਧਾਰੀ ਆਦਿਕ ਸਿੱਖ ਫ਼ਿਰਕਿਆਂ ਨੂੰ ਆਪਣਾ ਤੁਅੱਸਬ ਤਿਆਗ ਕੇ ਆਪਣੇ ਤਾਈਂ ਇਕ ਪਿਤਾ ਦੇ ਪੁੱਤਰ ਜਾਣ ਕੇ ਭ੍ਰਾਤਰੀ ਭਾਵ ਦਾ ਵਰਤਾਉ ਕਰਨਾ ਚਾਹੀਦਾ ਹੈ;

੩) ਮਾਇਆ ਦੇ ਜਾਲ ਤੋਂ ਮੁਕਤ ਹੋ ਕੇ ਨਿਸ਼ਕਾਮ ਸੇਵਾ ਨੂੰ ਆਪਣਾ ਆਦਰਸ਼ ਬਣਾਉਣਾ ਚਾਹੀਦਾ ਹੈ।

ਭਾ: ਸਾ: ਭਾ: ਗੁਰਦਾਸ ਜੀ ਨੇ ਗੁਰਦੁਆਰਿਆਂ ਵਿੱਚ ਮਾਇਆ ਜਾਲ ਦੇ ਪ੍ਰਭਾਵ ਨੂੰ ਇਉਂ ਨਿਰੂਪਣ ਕੀਤਾ ਹੈ :—

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜੋ ਆਗ ਲਾਗੈ ਕੈਸੇ ਕੈ ਬੁਝਾਈਐ ?
ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈ ਜੋ ਲੂਟ ਲੀਜੈ, ਕਹੁ ਕਤ ਜਾਈਐ ?
ਚੋਰਨ ਕੇ ਤ੍ਰਾਸ ਜਾਇ ਸਰਨ ਗਹੈ ਨਰਿੰਦ,
ਮਾਰੇ ਮਹੀਪਤ ਜੀਉ ਕੈਸੇ ਕੈ ਬਚਾਈਐ ?
ਮਾਯਾ-ਡਰ ਡਰਪਤ ਹਾਰ ਗੁਰਦਵਾਰੇ ਜਾਵੈ,
ਤਹਾਂ ਜੁ ਮਾਇਆ ਬਿਆਪੈ ਕਹਾਂ ਠਹਿਰਾਈਐ ?

ਸੋ ਜਦੋਂ ਤੱਕ ਉਕਤ ਗੱਲਾਂ ਤੇ ਅਮਲ ਨਹੀਂ ਹੁੰਦਾ ਉਦੋਂ ਤਕ ਗੁਰਦੁਆਰਾ ਸੁਧਾਰ ਅਤੇ ਪ੍ਰਬੰਧ ਸ਼ਬਦ ਕੇਵਲ ਲਿਖਣ ਅਤੇ ਬੋਲਣ ਤੱਕ ਹੀ ਸੀਮਿਤ ਰਹਿਣਗੇ।

---

*ਆਸਾ ਵਾਰ ਭੋਗ ਤਬ ਪਾਯੋ॥ ਨਿਸ ਬਿਤੀਤ ਰਵਿ ਤੇਜ ਧਰਾਯੋ।
[ਗੁਰ ਬਿਲਾਸ ਪਾ: ੬]



www.AKJ.Org

# ਭੰਗਾਣੀ ਦਾ ਜੁੱਧ—ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

[ਵਲੋਂ :—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰੂ ਨਾਨਕ ਕਾਲਜ, ਗੁਰਦਾਸਪੁਰ]

ਲੰਮੇ-ਮੋਟੇ, ਜਟਾ-ਜੂਟ, ਰਿਸ਼ੀ-ਰੂਪ, ਅਧ-ਕੱਜੇ ਸੰਤ ਨੇ ਜਦ ਪਿੰਡ ਤੋਂ ਬਾਹਰ ਬੋੜ੍ਹ ਦੀ ਛਾਵੇਂ ਧੂਣੀ ਰਮਾਈ ਤਾਂ ਉਸੇ ਸ਼ਾਮ ਪਿੰਡ ਦੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਆਣ ਇਕੱਠੇ ਹੋਏ। ਸੰਤ ਜੀ ਦਾ ਭੇਖ ਉਦਾਸੀ ਜਾਪਦਾ ਸੀ ਅਤੇ ਉਹ ਗੁਰਬਾਣੀ ਦੇ ਅਧਾਰ ਤੇ ਆਤਮਕ ਤੇ ਪਰਮਾਰਥਕ ਉਪਦੇਸ਼ ਦਿੰਦੇ ਸਨ। ਉਨ੍ਹਾਂ ਦੇ ਦਰਸ਼ਨਾਂ ਵਿਚ ਇਕ ਖਿੱਚ ਸੀ, ਮਹਾਨ ਕਾਇਆ ਵਿਸਮੈਕਾਰੀ ਸੀ, ਪਰ ਗਰਜਵੇਂ ਭਾਰੇ ਸੁਰ ਵਿਚ ਮੁਲਾਇਮੀ ਤੇ ਮਿਠਾਸ ਸੀ। ਪਿੰਡ ਦੇ ਵਸਨੀਕਾਂ ਨੂੰ ਕੁਝ ਹੀ ਦਿਨਾਂ ਵਿਚ ਪਤਾ ਲੱਗ ਗਿਆ ਕਿ ਉਨ੍ਹਾਂ ਵਿਚ ਪਰ-ਉਪਕਾਰ ਦੀ ਰੁਚੀ ਬੜੀ ਪ੍ਰਬਲ ਹੈ। ਸੰਤ ਜੀ ਕਈ ਵਾਰ ਤਾਂ ਫਸੀ ਹੋਈ ਗੱਡ ਤੋਂ ਭਾਰ ਨਾ ਉਤਾਰਨ ਦਿੰਦੇ ਤੇ ਗੋਡ ਨੂੰ ਪਿਠ ਲਾ ਕੇ ਗੱਡੇ ਨੂੰ ਇਉਂ ਚਕ ਦਿੰਦੇ ਕਿ ਬੋਲਦਾਂ ਨੂੰ ਚਿੱਕੜ ਵਿਚੋਂ ਗੱਡਾ ਧੂਹ ਕਢਣਾ ਸੌਖਾ ਹੋ ਜਾਂਦਾ। ਇਨ੍ਹਾਂ ਦੀਆਂ ਅੱਖਾਂ ਵਿਚ ਸ਼ਾਂਤੀ ਦਾ ਪ੍ਰਭਾਵ ਸੀ ਜਿਵੇਂ ਹਿਮਾਚਲ ਦੀਆਂ ਬਰਫਾਨੀ ਚੋਟੀਆਂ ਨੂੰ ਪਰਸ ਕੇ ਆਈ ਪੌਣ ਵਿਚ ਹੁੰਦਾ ਹੈ। ਛੇਤੀ ਹੀ ਪਿੰਡ ਵਾਲੇ ਉਨ੍ਹਾਂ ਲਈ ਲੋੜੀਂਦੀਆਂ ਵਸਤਾਂ ਹਾਜ਼ਰ ਕਰਨ ਲੱਗ ਪਏ ਅਤੇ ਸੰਤ ਜੀ ਵੀ ਲੋੜ ਤੋਂ ਵਧ ਆਈਆਂ ਵਸਤਾਂ ਨੂੰ ਲੋੜਵੰਦਾਂ ਵਿਚ ਵੰਡਣ ਲੱਗ ਪਏ। ਸੁਬਹ-ਸ਼ਾਮ ਨਾਮ-ਬਾਣੀ ਦਾ ਪ੍ਰਵਾਹ ਚਲਣ ਲੱਗਾ। ਜਦ ਲੋਕੀਂ ਕੰਮਾਂ ਕਾਰਾਂ ਵਿਚ ਲੱਗ ਜਾਂਦੇ ਤਾਂ ਸੰਤ ਜੀ ਧਿਆਨ-ਮਗਨ ਹੋ ਜਾਂਦੇ, ਜਾਂ ਅਧਿਐਨ ਤੇ ਚਿੰਤਨ ਕਰਦੇ।

ਇਕ ਦਿਨ ਇਕ ਹੋਰ ਰਮਤਾ ਉਦਾਸੀ ਉੱਧਰ ਆ ਨਿਕਲਿਆ। ਸੰਤ ਜੀ ਨੂੰ ਦੇਖ ਕੇ ਡੰਡੌਤ-ਬੰਦਨਾ ਕੀਤੀ ਅਤੇ ਆਦਰ-ਸਤਿਕਾਰ ਨਾਲ ਪੁੱਛਣ ਲਗਾ, "ਪਰਮ ਸਤਿਕਾਰ ਯੋਗ ਮਹੰਤ ਜੀਓ! ਆਪ ਕਲਗੀਆਂ ਵਾਲੇ ਕੋਲ ਹੀ ਰਹਿ ਗਏ ਸਾਓ। ਹੁਣ ਤਾਂ ਕਈ ਸਾਲਾਂ ਤੋਂ ਕਲਗੀਆਂ ਵਾਲੇ ਦਾ ਨਿਵਾਸ ਅਨੰਦ-ਪੁਰੀ ਵਿਚ ਹੋ ਗਿਆ ਹੈ। ਉਹ ਕਿਲ੍ਹੇ ਬਣਵਾ ਰਹੇ ਹਨ ਅਤੇ ਨਗਰੀ ਦੀ ਉਸਾਰੀ ਤੇ ਉਨਤੀ ਵੱਲ ਧਿਆਨ ਦੇ ਰਹੇ ਹਨ। ਆਪ ਉਨ੍ਹਾਂ ਤੋਂ ਕਦੋਂ ਵਿਛੜੇ ਸਾਓ?"

"ਸੰਤ ਜੀ", ਮਹੰਤ ਜੀ ਨੇ ਕਿਹਾ, "ਇਹ ਕੀਟ ਸਤਿਗੁਰੂ ਨਾਲੋਂ ਕਦੀ ਨਹੀਂ ਵਿਛੜਿਆ। ਹੁਣ ਵੀ ਕਲਗੀਆਂ ਵਾਲੇ ਮੇਰੇ ਅੰਗ-ਸੰਗ ਹਨ। ਮੈਂ ਉਨ੍ਹਾਂ ਦੇ ਉਪਦੇਸ਼ ਜਨਤਾ ਵਿਚ ਫੈਲਾਉਣ ਦੀ ਆਗਿਆ ਮੰਗੀ ਅਤੇ ਉਨ੍ਹਾਂ ਪਰਸੰਨ ਹੋ ਕੇ ਇਹ ਆਗਿਆ ਦਿੱਤੀ। ਇਸ ਦਾਸ ਨੂੰ ਤਾਂ ਸਤਿਗੁਰਾਂ ਨੇ ਹੀ 'ਕਾਰੇ ਲਾਇਆ' ਹੈ।"

ਲਾਗੇ ਬੈਠਿਆਂ ਨੂੰ ਉਸ ਦਿਨ ਪਤਾ ਲਗਾ ਕਿ ਉਹ ਤਾਂ ਮਹੰਤ ਹਨ ਅਤੇ ਉਨ੍ਹਾਂ ਕਲਗੀਆਂ ਵਾਲੇ ਸਤਿਗੁਰੂ ਦੇ ਦਰਸ਼ਨ ਕੀਤੇ ਹੋਏ ਹਨ। ਸਾਰੇ ਬਾਹਰੇ ਵਿਚ ਇਸ ਗੱਲ ਦੇ ਫੈਲਣ ਵਿਚ ਦੇਰ ਨਾ ਲੱਗੀ। ਲੋਕਾਂ ਨੂੰ ਇਹ ਵੀ ਪਤਾ ਲਗ ਗਿਆ ਕਿ ਇਹ ਉਹੋ ਮਹੰਤ ਕਿਰਪਾਲ ਜੀ ਹਨ ਜਿਹੜੇ ਭੰਗਾਣੀ ਦੇ ਜੰਗ ਤੋਂ ਪਹਿਲੋਂ ਹੀ ਡਰ ਕੇ ਭਜ ਉੱਠਣ ਵਾਲੇ ਕੜਾਹ-ਖਾਣੇ ਉਦਾਸੀਆਂ ਦੇ ਨਾਲ ਨਹੀਂ ਸਨ ਤੁਰੇ, ਅਤੇ ਜਿਨ੍ਹਾਂ ਨੇ ਜੁੱਧ ਸਮੇਂ ਖ਼ਾਨ ਹਯਾਤ ਵਰਗੇ ਜੋਧੇ ਨੂੰ ਵੰਗਾਰ ਕੇ ਆਪਣੇ ਕੁਤਕੇ ਦੇ ਇਕੋ ਵਾਰ ਨਾਲ ਹੀ ਯਮ-ਧਾਮ ਪਹੁੰਚਾ ਦਿਤਾ ਸੀ।

ਇਕ ਵਾਰੀ ਸ਼ਾਮ ਦਾ ਸਤਸੰਗ ਲੱਗਾ ਹੋਇਆ ਸੀ ਜਦ ਇਕ ਸ਼ਰਧਾਲੂ ਨੇ ਮਹੰਤ ਜੀ ਅੱਗੇ ਬੇਨਤੀ ਕੀਤੀ ਕਿ ਉਹ ਸੰਗਤਾਂ ਨੂੰ ਭੰਗਾਣੀ ਦੇ ਜੁੱਧ ਦੇ ਅਖੀਂ-ਡਿੱਠੇ ਹਾਲ ਸੁਣਾਉਣ, ਤਾਂ ਜੁ ਸਿੱਖ ਸੰਗਤਾਂ ਵਿਚ ਬੀਰ-ਰਸ ਦਾ ਸੰਚਾਰ ਹੋਵੇ ਅਤੇ ਗੁਰੂ ਜੀ ਦੀ, ਸੰਤ-ਸਿਪਾਹੀਆਂ ਦੀ ਸੈਨਾ ਵਿਚ ਸ਼ਾਮਲ ਹੋਣ ਵਾਲੇ ਸਿੱਖਾਂ ਨੂੰ ਉਤਸ਼ਾਹ ਮਿਲੇ। ਇਹ ਸੁਣ ਕੇ ਹੋਰ ਬੈਠੇ ਸਤਸੰਗੀਆਂ ਨੇ ਵੀ ਇਸ ਬੇਨਤੀ ਦੀ ਪ੍ਰੋੜ੍ਹਤਾ ਕੀਤੀ।

ਮਹੰਤ ਜੀ ਨੇ ਸਤਸੰਗੀਆਂ ਨੂੰ ਕਿਹਾ, "ਪਰਮ-ਪੁਰਖ ਦੇ ਘੱਲੇ ਆਏ ਸਤਿਗੁਰੂ ਕਲਗੀਧਰ ਜੀ ਦੇ ਵਿਚਿਤਰ ਜੀਵਨ-ਨਾਟਕ ਦੀ ਇਹ ਜੁੱਧ, ਇਕ ਅਸਚਰਜ ਘਟਨਾ ਹੈ। ਆਪ ਸਾਰੇ ਪਿੰਡ ਵਿਚ ਤੇ ਲਾਗੇ-ਬੰਨੇ ਇਹ ਸਮਾਚਾਰ ਪਹੁੰਚਾ ਦਿਓ ਕਿ ਸਤਿਗੁਰਾਂ ਦਾ ਦਾਸਨ ਦਾਸ ਕਿਰਪਾਲ ਉਦਾਸੀ ਸਤਿਗੁਰਾਂ ਦੇ ਭੰਗਾਣੀ ਜੁੱਧ ਦੀ ਵਾਰਤਾ ਪਰਸੋਂ



www.AKJ.Org

ਖਾਉ-ਪੀਏ ਤੋਂ ਮਗਰੋਂ ਆਪਣੀ ਤੁੱਛ ਬੁਧੀ ਅਨੁਸਾਰ ਸੁਣਾਏਗਾ ਤੇ ਜਿਹੜੇ ਸਤਿਗੁਰਾਂ ਦੇ ਪਿਆਰੇ ਇਸ ਵਾਰਤਾ ਨੂੰ ਸੁਣਨਾ ਚਾਹੁਣ, ਸਤਸੰਗ ਵਿਚ ਦਰਸ਼ਨ ਦੇਣ।''

ਸਤਸੰਗੀਆਂ ਇਹ ਬਚਨ ਸਿਰ-ਮੱਥੇ ਮੰਨਿਆ। ਨੀਯਤ ਦਿਨ ਮਿੱਥੇ ਹੋਏ ਸਮੇਂ ਤੋਂ ਪਹਿਲਾਂ ਹੀ ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਪੂੰਨਿਆ ਦੀ ਰਾਤ ਸੀ। ਚਾਨਣੀ ਸੀਤਲਤਾ ਦੀ ਫੁਹਾਰ ਵਰ੍ਹ ਰਹੀ ਸੀ, ਜਿਸ ਨੂੰ ਸੁਹਲ-ਗਤੀ ਪੌਣ ਦੇ ਰੁਮਕੇ, ਬੋਹੜ ਥੱਲੇ ਜੁੜੀ ਸੰਗਤ ਦੀ ਸੇਵਾ ਲਈ ਖਿੰਡਾ ਰਹੇ ਸਨ। ਮਹੰਤ ਜੀ ਠੰਡੀ ਧੂਣੀ ਤੋਂ ਕੁਝ ਹਟਵੇਂ ਬੈਠੇ ਸਨ। ਕੁਟੀਆ ਦੇ ਅੱਗੇ ਇਕ ਮਸਾਲ ਜਗ ਰਹੀ ਸੀ ਜੋ ਬੋਹੜ ਦੇ ਪਰਛਾਵਿਆਂ ਨੂੰ ਕੰਬਦੇ ਚਾਨਣੇ ਨਾਲ ਰੋਸ਼ਨ ਕਰ ਰਹੀ ਸੀ। ਸੰਗਤਾਂ ਦੇ ਮਨ ਟਿਕੋਂ ਵਿਚ ਸਨ। ਬੀਬੀਆਂ ਵੀ ਇਕ ਬੰਨੇ ਇਕ ਟੋਲੇ ਵਿਚ ਬੈਠੀਆਂ ਸਨ। ਮਹੰਤ ਕਿਰਪਾਲ ਜੀ ਦਾ ਧਿਆਨ ਦੂਰ ਨੂੰ ਨੇੜੇ ਲਿਆਉਣ ਦੇ ਜਤਨ ਵਿਚ ਸੀ ਤੇ ਪਿਆਰ ਉਨ੍ਹਾਂ ਦੇ ਚਿਹਰੇ ਤੋਂ ਚੋ ਚੋ ਪੈ ਰਿਹਾ ਸੀ।

ਅੰਤ ਮਹੰਤ ਜੀ ਨੇ ਵਰਣਨ ਕਰਨਾ ਅਰੰਭ ਕੀਤਾ, "ਗੁਰੂ-ਸਵਾਰੇ ਸਤਸੰਗੀਓ! ਦਾਸ ਨੇ ਜੋ ਸੁਣਿਆ ਸਮਝਿਆ ਤੇ ਅਖੀਂ ਡਿੱਠਾ ਹੈ, ਉਸ ਦੇ ਆਸਰੇ ਭੰਗਾਣੀ ਦੀ ਵਾਰਤਾ ਆਪ ਨੂੰ ਸੁਣਾਉਣ ਦਾ ਜਤਨ ਕਰਦਾ ਹਾਂ। ਦਸਮੇਸ਼ ਪਿਤਾ ਕਲਗੀਧਰ ਜੀ ਮਨੁੱਖਾਂ ਵਾਲੇ ਸਾਰੇ ਕਰਤਵ ਕਰਦੇ ਹੋਏ ਭੀ ਅੰਤਰ-ਆਤਮੇ ਉਸ ਅਕਾਲ ਪੁਰਖ ਵਾਹਿਗੁਰੂ ਨਾਲ ਸਦਾ ਜੁੜੇ ਹੋਏ ਹਨ ਜਿਸ ਦੇ ਇਕ ਜਲਵੇ ਨੂੰ ਅਸੀਂ ਤਰਸਦੇ ਰਹਿੰਦੇ ਹਾਂ। ਉਨ੍ਹਾਂ ਦੇ ਸਭ ਕੰਮ ਉਸੇ ਅਸਕੇਤ ਦੇ ਭਾਣੇ ਵਿਚ ਹੁੰਦੇ ਹਨ। ਸਤਿਗੁਰਾਂ ਨੇ ਜਗਤ ਵਿਚ ਸੁਖ-ਸ਼ਾਂਤੀ ਵਧਾਉਣ ਤੇ ਦੁੱਖ-ਕਲੇਸ਼ ਕੱਟਣ ਲਈ ਅਵਤਾਰ ਧਾਰਿਆ ਹੈ। ਉਨ੍ਹਾਂ ਦੇ ਜੰਗ ਵੀ ਸ਼ਾਂਤੀ ਦੀ ਰੱਖਿਆ ਲਈ ਹਨ। ਬੇਇਨਸਾਫੀ ਸ਼ਾਂਤੀ ਭੰਗ ਕਰਦੀ ਹੈ। ਕੂੜ, ਕਪਟ ਤੇ ਕਰੂਰਤਾ ਅਨਿਆਂ ਦੇ ਸਹਾਇਕ ਹਨ। ਸਤਿਗੁਰੂ ਸਿੱਖ ਸੰਤ-ਸਿਪਾਹੀਆਂ ਅਤੇ ਹੋਰ ਸਹਾਇਕ ਸ਼ਕਤੀਆਂ ਦਾ ਮੇਲ ਕਰਾ ਕੇ, ਅਨਿਆਂ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਲੋੜਦੇ ਹਨ। ਇਹੋ ਕਾਰਨ ਸੀ ਕਿ ਨਾਹਨ-ਸਿਰਮੌਰ ਦੇ ਰਾਜੇ ਮੇਦਨੀ ਪ੍ਰਕਾਸ਼ ਤੇ ਸ੍ਰੀ ਨਗਰ-ਗੜ੍ਹਵਾਲ ਦੇ ਰਾਜੇ, ਫ਼ਤਿਹ ਸ਼ਾਹ ਦੀ, ਸਤਿਗੁਰਾਂ ਨੇ ਵਿਚ ਪੈ ਕੇ, ਸੁਲਹ ਕਰਾਈ। ਪਰ ਦੋਵੇਂ ਰਾਜੇ ਦਿਲ ਦੇ ਕਮਜ਼ੋਰ ਸਨ—ਫ਼ਤਿਹ ਸ਼ਾਹ ਵਧੇਰੇ ਕਮਜ਼ੋਰ। ਫ਼ਤਿਹ ਸ਼ਾਹ, ਭੀਮ ਚੰਦ ਕਹਿਲੂਰੀਏ ਅਤੇ ਬਾਈ ਧਾਰ ਦੇ ਹੋਰ ਰਾਜਿਆਂ ਦਾ ਮੁਹਰੀ ਬਣ ਕੇ ਸਤਿਗੁਰਾਂ ਤੇ ਚੜ੍ਹ ਆਇਆ। ਇਸੇ ਫ਼ਤਿਹ ਚੰਦ ਦੀ ਲੜਕੀ ਦੇ ਵਿਵਾਹ ਸਮੇਂ ਸਤਿਗੁਰਾਂ ਸਵਾ ਲੱਖ ਦਾ ਤੰਬੋਲ ਭੇਜਿਆ ਸੀ, ਜੋ ਸਾਰੇ ਮੇਲੀ ਰਾਜਿਆਂ ਦੇ ਤੰਬੋਲ ਕੋਲੋਂ ਵਧ ਕੇ ਵਧੀਆ ਸੀ। ਪਰ ਫ਼ਤਿਹ ਸ਼ਾਹ ਨੇ ਇਸ ਪਿਆਰ ਤੇ ਮੇਲ ਦੇ ਹੱਥ ਦਾ ਮੁਲ ਨਾ ਪਾਇਆ ਅਤੇ ਆਪਣੇ ਕਪਟੀ ਕੁੜਮ ਭੀਮ ਚੰਦ ਦੇ ਕਹੇ ਤੇ ਤੰਬੋਲ ਨੂੰ ਸ੍ਵੀਕਾਰ ਕਰਨ ਦੀ ਥਾਂ ਉਸ ਤੰਬੋਲ ਨੂੰ ਲੁਟ ਕੇ ਲੈਣਾ ਚਾਹਿਆ। ਦੀਵਾਨ ਨੰਦ ਚੰਦ ਜੀ ਤੇ ਪ੍ਰੋਹਤ ਦਇਆ ਰਾਮ ਨਾਲ ਗਏ ਪੰਜ ਸੌ ਸੰਤ-ਸਿਪਾਹੀਆਂ ਦਾ ਜੱਥਾ, ਪਹਾੜੀ ਰਾਜਿਆਂ ਦੀਆਂ ਸੰਮਿਲਤ ਫ਼ੌਜਾਂ ਦੇ ਤੰਗ ਪਹਾੜੀ ਦੱਰੇ ਨੂੰ ਘੇਰ ਲੈਣ ਦੇ ਅਤਿਰਿਕਤ ਵੀ ਲੜਦਾ ਮਾਰਦਾ ਬਿਨਾਂ ਕਿਸੇ ਹਾਨੀ ਦੇ ਪਾਉਂਟੇ ਨਗਰ ਪਹੁੰਚ ਗਿਆ।

"ਭੀਮ ਚੰਦ ਦੇ ਫ਼ਤਿਹ ਸ਼ਾਹ ਦੀ ਲੜਕੀ ਨੂੰ ਛੱਡ ਦੇਣ ਦੀ ਧਮਕੀ ਦੇ ਕਾਰਨ ਹੀ ਫ਼ਤਿਹ ਸ਼ਾਹ ਪਹਾੜੀ ਰਾਜਿਆਂ ਦਾ ਆਗੂ ਬਣ ਕੇ ਸਤਿਗੁਰਾਂ ਤੇ ਚੜ੍ਹਾਈ ਕਰਨ ਲਈ ਤਤਪਰ ਹੋਇਆ। ਲੜਾਈ ਦੀਆਂ ਜ਼ਬਰਦਸਤ ਤਿਆਰੀਆਂ ਸ਼ੁਰੂ ਹੋਈਆਂ। ਇਕ ਵੱਡੀ ਸੈਨਾ ਤੇ ਮੁਲਖਈਆਂ ਦੀ ਭਾਰੀ ਛੇੜ ਇਕੱਠੀ ਕਰ ਕੇ ਫ਼ਤਿਹ ਸ਼ਾਹ, ਸਮੇਤ ਜੰਜ ਵਿਚ ਆਏ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਦੇ, ਸ੍ਰੀ ਨਗਰੋਂ ਤੁਰ ਪਿਆ। ਸੂਹੀਆਂ ਨੇ ਸਤਿਗੁਰੂ ਨੂੰ ਝਟ ਇਹ ਸੂਹ ਪਹੁੰਚਾ ਦਿੱਤੀ।

"ਸਤਿਗੁਰੂ ਮੁਸਕਰਾਏ ਤੇ ਬਚਨ ਕੀਤਾ, 'ਫ਼ਤਿਹ ਸ਼ਾਹ ਤਾਂ ਅਕਾਰਨ ਹੀ ਸਾਡੇ ਤੇ ਔਖਾ ਹੋ ਪਿਆ ਹੈ।' ਸਤਿਗੁਰਾਂ ਠੀਕ ਹੀ ਕਿਹਾ ਸੀ। ਫ਼ਤਿਹ ਸ਼ਾਹ ਕੋਲ ਤਾਂ ਸਤਿਗੁਰੂ ਤੇ ਹਮਲਾ ਕਰਨ ਦਾ ਕੋਈ ਬਹਾਨਾ ਵੀ ਨਹੀਂ ਸੀ। ਅਤੇ ਕਲਗੀਧਰ ਜੀ ਨੇ ਤਾਂ ਔਖ-ਸੌਖ ਵੇਲੇ ਉਸ ਦੀ ਬਾਂਹ ਪਕੜਨੀ ਮਨਜ਼ੂਰ ਕੀਤੀ ਸੀ, ਜਿਸ ਦੀ ਮਹਾਨਤਾ ਨੂੰ ਉਹ ਅੰਨ੍ਹਾ ਹੋ ਕੇ ਪਛਾਣ ਨਾ ਸਕਿਆ।''

"ਸੱਤ ਹੈ, ਸੱਤ ਹੈ!'' ਸੰਗਤ ਵਿਚੋਂ ਕਿਸੇ ਨੇ ਪਰਭਾਵਤ ਹੋ ਕੇ ਆਖਿਆ। ਬਾਕੀ ਸੰਗਤਾਂ ਵਿਚ ਸ਼ਰਧਾ



www.AKJ.Org

ਭਰੀ ਚੁੱਪ ਛਾਈ ਰਹੀ।

ਮਹੰਤ ਜੀ ਨੇ ਫੇਰ ਕਹਿਣਾ ਸ਼ੁਰੂ ਕੀਤਾ, "ਪਰ ਕਲਗੀਧਰ ਜੀ ਆਪ ਇਸ ਅਕਾਰਨ ਕਾਰਨ ਦੇ ਕਾਰਨਾਂ ਨੂੰ ਭਲੀ ਭਾਂਤ ਜਾਣਦੇ ਸਨ । ਭੀਮ ਚੰਦ ਕੂੜਾ, ਕਪਟੀ ਤੇ ਕਾਇਰ ਹੈ । ਅਨੰਦਪੁਰ ਉਸ ਦੀ ਰਿਆਸਤ ਵਿਚ ਹੈ। ਇਸ ਨਗਰੀ ਦੇ ਵਸਾਉਣ ਲਈ ਮਾਖੋਵਾਲ ਪਿੰਡ ਦੀ ਸਾਰੀ ਜ਼ਮੀਨ ਸਤਿਗੁਰੂ ਤੇਗ ਬਹਾਦਰ ਜੀ ਨੇ ਮੁੱਲ ਤਾਰ ਕੇ ਖ਼ਰੀਦੀ ਸੀ। ਪਰ ਪਤਾ ਨਹੀਂ ਭੀਮ ਚੰਦ ਕਿਵੇਂ ਕਲਗੀਧਰ ਜੀ ਨੂੰ ਆਪਣਾ ਇਕ ਜਾਗੀਰਦਾਰ ਮਾਤਰ ਸਮਝਣ ਲੱਗ ਪਿਆ ਸੀ। ਉਸ ਨੂੰ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ, ਹੋਰ ਦੁਨੀਆਦਾਰਾਂ ਦੀਆਂ ਗੱਦੀਆਂ ਤੋਂ ਉੱਚਤਾ ਤੇ ਮਹਾਨਤਾ ਦੀ ਸਮਝ ਨਹੀਂ ਸੀ ਪਈ। ਉਹ ਜਿਵੇਂ ਆਮ ਪਰਜਾ ਤੋਂ ਵਗਾਰ ਲੈਂਦਾ ਸੀ, ਉਸੇ ਤਰ੍ਹਾਂ ਦੀ ਵਗਾਰ ਦੀ ਆਸ ਇਸ ਰੂਹਾਨੀ ਗੱਦੀ ਤੋਂ ਵੀ ਰੱਖਦਾ ਸੀ। ਪਰ ਇਹ ਗੱਦੀ ਨਾ ਕਿਸੇ ਤੋਂ ਵਗਾਰ ਲੈਂਦੀ ਹੈ, ਨਾ ਦੇਂਦੀ ਹੈ; ਨਾ ਕਿਸੇ ਨੂੰ ਡਰਾਉਂਦੀ ਹੈ, ਨਾ ਡਰਦੀ ਹੈ। ਰਣਜੀਤ ਨਗਾਰਾ ਤਾਂ ਸਤਿਗੁਰੂ ਨਾਨਕ ਦੇਵ ਜੀ ਦੇ ਪਰਮਾਰਥਕ ਗਾਡੀ ਰਾਹ ਦੀ ਜਿੱਤ ਦਾ ਨਿਸ਼ਾਨ ਹੈ। ਮੀਰੀ-ਪੀਰੀ ਦੀ ਮਾਲਕ ਹੁੰਦਿਆਂ ਵੀ ਇਹ ਗੱਦੀ ਮੁਲਕ ਨਹੀਂ ਮਾਰਦੀ।

"ਸਤਿ-ਸੰਗੀਓ! ਅਸਾਮ ਦੇ ਰਾਜੇ ਰਤਨ ਰਾਇ ਦੇ ਭੇਟਾ ਕੀਤੇ ਚਿੱਟੀ ਧਾਰੀ ਵਾਲੇ ਪਰਸਾਦੀ ਹਾਥੀ ਅਤੇ ਪਿਸ਼ਾਵਰ ਦੀਆਂ ਸੰਗਤਾਂ ਵਲੋਂ ਚੜ੍ਹਾਏ ਬੇਸ਼-ਕੀਮਤ ਸ਼ਾਮਿਆਨੇ ਉੱਤੇ ਲਾਲਚੀ ਭੀਮ ਚੰਦ ਕਪਟ ਨਾਲ ਕਬਜ਼ਾ ਕਰਨਾ ਚਾਹੁੰਦਾ ਸੀ। ਦਿਲਾਂ ਦੀਆਂ ਜਾਣਨਹਾਰ ਕਲਗੀਧਰ ਜੀ ਉਸ ਦੇ ਛਲ ਨੂੰ ਸਮਝਦੇ ਸਨ। ਉਨ੍ਹਾਂ ਦੇ ਇਹ ਵਸਤਾਂ ਨਾ ਭੇਜਣ ਤੇ ਭੀਮ ਚੰਦ ਔਖਾ ਹੋ ਗਿਆ ਸੀ। ਵੈਰ-ਵਿਰੋਧ ਵਧਾਉਣ ਲਈ ਉਸ ਇਹ ਬਹਾਨਾ ਬਣਾਇਆ ਕਿ ਸ਼ਿਕਾਰ ਖੇਡਦਿਆਂ ਸਤਿਗੁਰੂ ਮੇਰੀ ਪਰਜਾ ਦੀਆਂ ਖੇਤੀਆਂ ਉਜਾੜਦੇ ਹਨ । ਅਸਲ ਵਿਚ ਸਤਿਗੁਰਾਂ ਦਾ ਸ਼ਿਕਾਰ ਤਾਂ ਪਹਾੜ ਤੇ ਤਲੇਠੀ-ਨਿਵਾਸੀਆਂ ਦੀਆਂ ਖੇਤੀਆਂ ਦੀ ਰਿੱਛ, ਸੂਰ, ਆਦਿ ਭਿਆਨਕ ਜਾਨਵਰਾਂ ਤੋਂ ਰੱਖਿਆ ਲਈ ਹੈ। ਸ਼ੇਰ, ਚਿੱਤਰੇ, ਆਦਿ ਦਾ ਸ਼ਿਕਾਰ ਖੇਤੀ ਕਰਨ ਵਾਲਿਆਂ ਤੇ ਉਨ੍ਹਾਂ ਦੇ ਪਸ਼ੂਆਂ ਦੀ ਰੱਛਿਆ ਲਈ ਹੈ। ਇਸ ਸ਼ਿਕਾਰ ਨਾਲ ਜੋਧਿਆਂ ਦੇ ਹੌਸਲੇ ਵਧਦੇ ਹਨ। ਹਰਨ, ਪਾੜ੍ਹੇ, ਬਾਰਾਂ ਸਿੰਘੇ, ਆਦਿ ਨੂੰ ਲਾਗੋਂ ਗੋਲੀ ਜਾਂ ਤੀਰ ਮਾਰਨ ਦਾ ਸਾਹਿਬਾਂ ਵਲੋਂ ਹੁਕਮ ਨਹੀਂ ਹੈ। ਜਦੋਂ ਇਹ ਦੌੜਦੇ ਘਟੋ-ਘਟ ਦੋ ਤਿੰਨ ਸੌ ਗਜ਼ ਲੰਘ ਜਾਣ ਤਾਂ ਹੀ ਸਿੱਖ ਇਨ੍ਹਾਂ ਤੇ ਤੀਰ ਜਾਂ ਗੋਲੀ ਚਲਾਉਂਦੇ ਹਨ। ਇਹ ਇਕ ਤਰ੍ਹਾਂ ਤੇਜ਼ੀ ਨਾਲ ਬਦਲਦੇ ਨਿਸ਼ਾਨੇ ਨੂੰ ਵਿੰਨ੍ਹਣ ਦਾ ਫ਼ੌਜੀ ਅਭਿਆਸ ਹੈ । ਕਹਿਲੂਰ ਦੀ ਰਿਆਇਆ ਜੰਗਲੀ ਜਾਨਵਰਾਂ ਤੋਂ ਉਨ੍ਹਾਂ, ਤੇ ਉਨ੍ਹਾਂ ਦੀ ਖੇਤੀ ਦੀ ਰੱਖਿਆ ਕਾਰਨ ਸਤਿਗੁਰਾਂ ਤੇ ਅਤੀ ਪ੍ਰਸੰਨ ਸੀ। ਸਤਿਗੁਰਾਂ ਦਾ ਉਸ ਦੀ ਪਰਜਾ ਵਿਚ ਹਰਮਨ-ਪਿਆਰਾ ਹੋਣਾ ਭੀਮ ਚੰਦ ਨੂੰ ਮਨਜ਼ੂਰ ਨਹੀਂ ਸੀ।

"ਜਦ ਨਾਹਨ-ਸਿਰਮੌਰ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸ਼ਰਧਾ-ਭਰਪੂਰ ਸੱਦੇ ਤੇ ਸਤਿਗੁਰੂ ਉੱਧਰ ਪਧਾਰੇ ਤਾਂ ਵੀ ਭੀਮ ਚੰਦ ਦਾ ਸਾੜਾ ਧੁਖਦਾ ਰਿਹਾ। ਉਹ ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਸਤਿਗੁਰਾਂ ਦੇ ਵਿਰੁੱਧ ਉਕਸਾਉਂਦਾ ਰਿਹਾ ਤੇ ਆਪਣੇ ਨਾਲ ਗੰਢਦਾ ਰਿਹਾ। ਨਾਹਣੇਸ਼ ਤੇ ਗੜ੍ਹਵਾਲ-ਨਰੇਸ਼ ਦੀ ਜੋ ਸੁਲਹ ਸਤਿਗੁਰਾਂ ਨੇ ਵਿਚ ਪੈ ਕੇ ਕਰਾਈ ਸੀ, ਉਹ ਉਸ ਨੂੰ ਉੱਕੀ ਨਾ ਭਾਈ । ਉਹ ਸਮਝਦਾ ਸੀ, ਮੇਰੇ ਸ਼ਤਰੂ ਦਾ ਮੇਰੇ ਮਿੱਤਰਾਂ ਤੇ ਸੰਬੰਧੀਆਂ ਵਿਚ ਵਕਾਰ ਵਧ ਰਿਹਾ ਹੈ । ਉਹ ਕਦੇ ਨਾ ਕਦੇ, ਬਾਈਧਾਰਾਂ ਦੇ ਰਾਜਿਆਂ ਨੂੰ ਇਕੱਠੇ ਕਰ ਕੇ ਤੇ ਗੁਰੂ ਜੀ ਨਾਲ ਜੰਗ ਛੇੜ ਕੇ, ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਨਗਰ ਵਿਚੋਂ ਕਢ ਦੇਣ ਦੀਆਂ ਸਾਜ਼ਸ਼ਾਂ ਘੜਦਾ ਰਹਿੰਦਾ ਸੀ।

"ਇੰਨੇ ਨੂੰ ਫ਼ਤਿਹ ਸ਼ਾਹ ਨੇ, ਜਿਸ ਦੀ ਪੁਤਰੀ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨਾਲ ਮੰਗੀ ਹੋਈ ਸੀ, ਭੀਮ ਚੰਦ ਨੂੰ ਸਾਹੇ ਦੀ ਚਿੱਠੀ ਭੇਜ ਦਿਤੀ। ਭੀਮ ਚੰਦ ਨੇ ਬਾਈਧਾਰ ਦੇ ਸਾਰੇ ਸਿਰਕਢ ਰਾਜਿਆਂ ਨੂੰ ਜੰਜ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਅਤੇ ਹਰੀ ਚੰਦ ਹੰਡੂਰੀਆ, ਕਿਰਪਾਲ ਚੰਦ ਕਟੋਚੀਆ, ਗੁਪਾਲ ਚੰਦ ਗੁਲੇਰੀਆ, ਕੇਸਰੀ ਚੰਦ ਜਸਵਾਲੀਆ, ਮਧੁਕਰ ਸ਼ਾਹ ਢਢਵਾਲੀਆ, ਬਾਜ਼ੀ ਚੰਦ ਚੰਦੇਲ ਤੋਂ ਛੁਟ ਸਕੇਤ, ਮੰਡੀ ਤੇ ਕੋਟਲੇਹ ਦੇ ਰਾਜੇ ਆਪਣੀਆਂ ਭਾਂਤ ਭਾਂਤ ਦੀਆਂ ਬਰਦੀਆਂ ਵਾਲੀਆਂ ਸ-ਸ਼ਸਤਰ ਸੈਨਾਵਾਂ ਦੇ ਚੋਣਵੇਂ ਬਹਾਦਰਾਂ ਦੇ ਕਈ ਕਈ ਦਸਤੇ ਲੈ ਕੇ ਜੰਜ ਵਿਚ ਸ਼ਾਮਲ ਹੋਏ।



www.AKJ.Org

ਜੰਜ ਸ਼ਾਹੀ ਧੂਮ ਧਾਮ ਨਾਲ ਸਿਰਮੌਰ ਦੀ ਰਿਆਸਤ ਵਿਚੋਂ ਲੰਘਦੀ ਮਿੱਥੀਆਂ ਹੋਈਆਂ ਮਿਤੀਆਂ ਅਤੇ ਥਾਵਾਂ ਤੇ ਇਸ ਤਰ੍ਹਾਂ ਮੁਕਾਮ ਕਰਦੀ ਚਲੀ ਆ ਰਹੀ ਸੀ ਕਿ ਉਹ ਸਾਹੇ ਵਾਲੇ ਦਿਨ ਸੌਖੀ ਹੀ ਗੜ੍ਹਵਾਲ ਦੀ ਰਾਜਧਾਨੀ ਸ੍ਰੀ ਨਗਰ ਪਹੁੰਚ ਜਾਵੇ। ਸਤਿਗੁਰਾਂ ਦੇ ਸਿਰਮੌਰ ਰਿਆਸਤ ਵਿਚ ਜਮਨਾ ਦੇ ਰਮਣੀਕ ਕਿਨਾਰੇ ਤੇ ਪਾਉਂਟੇ ਨਗਰ ਦੇ ਵਸਾਉਣ ਦਾ ਤਾਂ ਭੀਮ ਚੰਦ ਨੂੰ ਪਤਾ ਸੀ, ਪਰ ਪਾਉਂਟੇ ਦੇ ਵਿਚ ਸਤਿਗੁਰੂ ਜੀ ਦੀਆਂ ਫ਼ੌਜੀ ਤਿਆਰੀਆਂ ਅਤੇ ਕਿਲ੍ਹੇ ਦੀ ਉਸਾਰੀ ਦਾ ਉਸ ਨੂੰ ਸ਼ਾਇਦ ਪਤਾ ਨਹੀਂ ਸੀ।

"ਜਦੋਂ ਰਾਜਿਆਂ ਦੀ ਜੰਜ ਨੇ ਸਮੇਤ ਫ਼ੌਜਾਂ ਦੇ ਪਾਉਂਟੇ ਸਾਹਿਬ ਤੋਂ ਪਹਿਲੇ ਪੜਾ ਟਿਕਾਣਾ ਕੀਤਾ ਤਾਂ ਉਸ ਨੂੰ ਇਨ੍ਹਾਂ ਗੱਲਾਂ ਦਾ ਵੀ ਪਤਾ ਲੱਗ ਗਿਆ। ਜਿਸ ਨੇ ਕਿਸੇ ਨਾਲ ਬਦੀ ਕੀਤੀ ਹੋਵੇ ਉਸ ਨੂੰ ਡਰ ਹੁੰਦਾ ਹੈ ਕਿ ਉਸ ਤੋਂ ਕਿਤੇ ਉਸ ਬਦੀ ਦਾ ਬਦਲਾ ਨਾ ਲਿਆ ਜਾਵੇ। ਭੀਮ ਚੰਦ ਨੂੰ ਫ਼ਿਕਰ ਹੋਇਆ ਕਿ ਕਿਤੇ ਗੁਰੂ ਜੀ ਪੱਤਣ ਦਾ ਰਸਤਾ ਮੱਲ ਕੇ ਜੁੱਧ ਨਾ ਮੰਡ ਦੇਣ। ਇਸ ਲਈ ਉਸ ਨੇ ਸਾਰਿਆਂ ਰਾਜਿਆਂ ਨੂੰ ਇਕੱਠਿਆਂ ਕਰ ਕੇ ਸਨਮਾਨ ਸਹਿਤ ਕਿਹਾ, 'ਬਲੀ ਤੇ ਬੁਧੀਮਾਨ ਰਾਜਿਓ! ਗੁਰੂ ਨਾਲ ਸਾਡਾ ਵਿਗਾੜ ਹੈ। ਅੱਗੇ ਵੀ ਜੁੱਧ ਹੁੰਦਾ ਹੁੰਦਾ ਮਸੀਂ ਟਲਿਆ ਸੀ। ਜਿਸ ਰਸਤੇ ਅਸੀਂ ਜਾਣਾ ਹੈ, ਉਸ ਤੇ ਗੁਰੂ ਦਾ ਡੇਰਾ ਹੈ। ਉਹ ਨਾ ਹੋਵੇ ਉਨ੍ਹਾਂ ਨਾਲ ਟੱਕਰ ਹੋ ਜਾਵੇ। ਵਿਆਹ ਦਾ ਉਤਸ਼ਵ ਜਾਣ ਕੇ ਮੈਂ ਟੱਕਰ ਨੂੰ ਟਾਲਣਾ ਚਾਹੁੰਦਾ ਹਾਂ। ਤੁਸੀਂ ਸਾਰੇ ਸਿਆਣੇ ਹੋ; ਦੱਸੋ, ਇਸ ਦਲ ਨੂੰ ਲੈ ਕੇ ਗੁਰੂ ਦੇ ਡੇਰੇ ਲਾਗੋਂ ਕਿਵੇਂ ਲੰਘਿਆ ਜਾਵੇ?'

"ਰਾਜਾ ਕੇਸਰੀ ਚੰਦ ਨੇ ਕਿਹਾ, 'ਰਾਜਾ ਜੀ, ਤੁਸੀਂ ਕਿਸ ਫ਼ਿਕਰ ਵਿਚ ਪਏ ਹੋ? ਗੁਰੂ ਕੋਲ ਫ਼ੌਜ ਹੀ ਕਿੰਨੀ ਕੁ ਹੈ? ਅਸੀਂ ਸਾਰੇ ਰਾਜੇ ਪਰਖਿਆਂ ਹੋਇਆਂ ਜੋਧਿਆਂ ਦੀਆਂ ਫ਼ੌਜਾਂ ਲੈ ਕੇ ਆਏ ਹਾਂ। ਅਸੀਂ, ਜੇ ਗੁਰੂ ਜੁੱਧ ਛੇੜੇ ਤਾਂ, ਕਿਉਂ ਟਲਾਂਗੇ?'

"ਗੁਪਾਲ ਗੁਲੇਰੀਏ ਨੇ ਕਿਹਾ, 'ਅਸੀਂ ਗੁਰੂ ਦੀ ਸੈਨਾ ਕੋਲੋਂ ਕਿਉਂ ਡਰਨ ਲਗੇ? ਅਸੀਂ ਆਪਣੇ ਜ਼ੋਰ ਨਾਲ ਰਾਹ ਲੈ ਕੇ ਅੱਗੇ ਜਾਵਾਂਗੇ।'

"ਰਾਜਾ ਹਰੀ ਚੰਦ ਹੰਡੂਰੀਆ, ਜੋ ਧਨੁਰ ਵਿਦਿਆ ਵਿਚ ਆਪਣਾ ਕੋਈ ਸਾਨੀ ਨਹੀਂ ਸੀ ਸਮਝਦਾ, ਬੋਲਿਆ, 'ਕਹਿਲੂਰ-ਨਰੇਸ਼, ਤੁਸੀਂ ਆਪਣਾ ਮੰਤਰੀ ਗੁਰੂ ਕੋਲ ਭੇਜੋ ਜਿਹੜਾ ਬਹਾਨੇ ਬਹਾਨੇ ਨਾਲ ਦੇਖੇ ਕਿ ਗੁਰੂ ਕੋਲ ਕਿੰਨੇ ਕੁ ਜੋਧੇ ਤੇ ਸੈਨਾ ਹੈ। ਵੈਰੀ ਦੇ ਬਲ ਦੀ ਟੋਹ ਕਰਨੀ ਜ਼ਰੂਰੀ ਹੁੰਦੀ ਹੈ, ਭਾਵੇਂ ਸਾਡੀਆਂ ਫ਼ੌਜਾਂ ਅੱਗੇ ਕੋਈ ਵੀ ਸੈਨਾ ਨਹੀਂ ਅੜ ਸਕੇਗੀ। ਮੰਤਰੀ ਜਾਵੇ ਤੇ ਗੱਲਾਂ ਗੱਲਾਂ ਵਿਚ ਆਪਣੀ ਸੈਨਕ-ਸ਼ਕਤੀ ਨੂੰ ਗੁਰੂ ਅਗੇ ਪਰਗਟ ਕਰੇ ਤੇ ਸੁਝਾਵੇ ਕਿ ਤੁਸੀਂ ਚੁੱਪ ਕਰ ਕੇ ਰਸਤਾ ਦੇ ਦਿਉ, ਨਹੀਂ ਤੇ ਤੁਹਾਡਾ ਡੇਰਾ ਲੁੱਟਿਆ ਜਾਵੇਗਾ।'

"ਹੰਡੂਰੀਏ ਦੀ ਨਿਸਚੇ ਹੀ ਬੀਰਤਾ-ਪੂਰਤ ਪਰ ਅ-ਦੂਰ ਦਰਸ਼ੀ ਸਲਾਹ ਸੁਣ ਕੇ ਭੀਮ ਚੰਦ ਬੋਲਿਆ, 'ਪਰਬਤ-ਪਤੀਓ! ਆਪ ਦੀ ਬੀਰਤਾ ਅਤੇ ਭੇੜ ਦੇ ਉਤਸ਼ਾਹ ਤੇ ਕਿਸੇ ਨੂੰ ਰੰਚਕ ਮਾਤਰ ਵੀ ਸੰਦੇਹ ਨਹੀਂ ਹੋ ਸਕਦਾ। ਪਰ ਅਸੀਂ ਖ਼ੁਸ਼ੀ ਦੇ ਕਾਰਜ ਲਈ ਜਾ ਰਹੇ ਹਾਂ। ਜੇ ਭੇੜ ਹੋ ਗਿਆ ਤਾਂ ਮੌਤਾਂ ਹੋਣਗੀਆਂ। ਗੁਰੂ ਨਾਲ ਨਿਸਚੇ ਹੀ ਮੈਂ ਇਕ ਵਾਰ ਲੜਨਾ ਤਾਂ ਜ਼ਰੂਰ ਹੈ, ਪਰ ਉਹ ਕੁਮਾਰ ਦੀ ਸ਼ਾਦੀ ਤੋਂ ਮਗਰੋਂ। ਗੁਰੂ ਕੋਈ ਮਾੜਾ-ਮੋਟਾ ਜੋਧਾ ਨਹੀਂ। ਉਸ ਨੇ ਪਹਿਲੋਂ ਹੀ ਤਕੜਾਈ ਕੀਤੀ ਹੋਈ ਹੋਵੇਗੀ। ਰਾਜ ਘਾਟ ਦੇ ਲਾਗੇ ਉਸ ਦਾ ਡੇਰਾ ਤੇ ਛਾਉਣੀ ਹੈ। ਜ਼ੋਰ ਨਾਲ ਤਾਂ ਉਸ ਨੇ ਬਿਨਾਂ ਕਰਾਰੇ ਜੁੱਧ ਤੋਂ ਲੰਘਣ ਨਹੀਂ ਦੇਣਾ। ਤੁਸੀਂ ਸਾਰੇ ਇਕ ਤੋਂ ਇਕ ਚੜ੍ਹਦੇ ਨੀਤੀਵੇਤਾ ਹੋ। ਕੋਈ ਐਸਾ ਛਲ-ਛਦਮ ਸੋਚੋ ਕਿ ਸੁਲਹ-ਸਫ਼ਾਈ ਨਾਲ ਰਸਤਾ ਮਿਲ ਜਾਵੇ। ਹੋਰ ਕੋਈ ਰਸਤਾ ਲਾਗੇ ਨਹੀਂ। ਦੂਸਰਾ ਰਸਤਾ ਲਈਏ ਤਾਂ ਉਹ ਇਤਨਾ ਲੰਮਾ ਵਿੰਗ-ਫੇਰ ਵਾਲਾ ਤੇ ਕਠਿਨ ਹੈ ਕਿ ਅਸੀਂ ਸਾਹੇ ਤੇ ਕਿਸੇ ਤਰ੍ਹਾਂ ਵੀ ਪਹੁੰਚ ਨਹੀਂ ਸਕਦੇ। ਮੇਰੇ ਵਿਚਾਰ ਵਿਚ ਤਾਂ ਇਸ ਵੇਲੇ ਨਿਉਂ ਕੇ ਬੇਨਤੀ ਕਰ ਲੈਣੀ ਹੀ ਰਾਜਨੀਤੀ ਹੈ, ਜਿਸ ਤੋਂ ਉਹ ਸਮਝ ਲਵੇ ਕਿ ਅਸੀਂ ਉਸ ਦੇ ਸ਼ਰਧਾਲੂ ਬਣ ਗਏ ਹਾਂ। ਵਿਆਹ ਤੋਂ ਮਗਰੋਂ ਦੇਖ ਲਵਾਂਗੇ ਕਿ ਗੁਰੂ ਕਿੰਨੇ ਕੁ ਪਾਣੀ ਵਿਚ ਹੈ।'

"ਇਹ ਵਿਚਾਰ ਸੁਣ ਕੇ ਕੁਝ ਰਾਜਿਆਂ ਨੇ ਇਹ ਚਾਲ ਮੰਨ ਲਈ। ਭੀਮ ਚੰਦ ਨੇ ਆਪਣੇ ਚਤਰ ਵਜ਼ੀਰ ਨੂੰ ਸਦਿਆ ਤੇ ਆਦਰ ਨਾਲ ਬਿਠਾ ਕੇ ਸਮਝਾਇਆ, 'ਦੇਖੋ, ਪਰਧਾਨ ਜੀ, ਅਸੀਂ ਇਸ ਸਮੇਂ ਗੁਰੂ ਨਾਲ ਸੰਗ੍ਰਾਮ ਨਹੀਂ ਕਰਨਾ ਚਾਹੁੰਦੇ। ਸੱਚ ਝੂਠ ਬੋਲ ਕੇ ਤੁਸੀਂ ਗੁਰੂ



www.AKJ.Org

ਨੂੰ ਕਿਸੇ ਨਾ ਕਿਸੇ ਤਰ੍ਹਾਂ ਰਿਝਾ ਲੈਣਾ ਤਾਂ ਜੁ ਉਹ ਸਾਨੂੰ ਰਾਹ ਦੇ ਦੇਵੇ। ਜੇ ਕੋਈ ਕੰਮ ਵਿਗੜਦਾ ਹੋਵੇ, ਸਿਆਣੇ ਕਹਿੰਦੇ ਨੇ ਤੇ ਜੇ ਉਹ ਨੀਵੇਂ ਹੋ ਕੇ ਸੰਵਰਦਾ ਹੋਵੇ ਤਾਂ ਇਹ ਨੀਤੀ ਵਰਤ ਲੈਣੀ ਚਾਹੀਦੀ ਹੈ। ਨੀਤੀ ਦੀ ਸਾਧਨਾ ਲਈ ਛੋਟੇ ਬਣ ਜਾਣ ਨਾਲ ਕੋਈ ਸੱਚੀ-ਮੁਚੀ ਛੋਟਾ ਨਹੀਂ ਹੋ ਜਾਂਦਾ।'

"ਜਦੋਂ ਭੀਮ ਚੰਦ ਨੇ ਇਹ ਗੱਲਾਂ ਕੀਤੀਆਂ ਤਾਂ ਹਰੀ ਚੰਦ ਹੰਡੂਰੀਏ, ਗੁਪਾਲ ਗੁਲੇਰੀਏ ਤੇ ਮਧੁਕਰ ਸ਼ਾਹ ਢਢਵਾਲੀਏ ਨੇ ਇਹ ਗੱਲਾਂ ਨਾ ਸਹਾਰੀਆਂ। ਗੁਪਾਲ ਨੇ ਆਖਿਆ, "ਅਕਲ, ਬਲ ਤੇ ਫ਼ੌਜਾਂ ਦੀ ਕੋਈ ਘਾਟ ਨਹੀਂ ਸਾਡੇ ਪਾਸ। ਫੇਰ ਵੀ, ਰਾਜਾ ਜੀ, ਤੁਸੀਂ ਸਾਡੀ ਹੇਠੀ ਕਿਉਂ ਕਰਾਉਂਦੇ ਹੋ? ਸੁਣੋ, ਮੰਤਰੀ ਜੀ, ਤੁਸੀਂ ਜਾ ਕੇ ਗੁਰੂ ਨੂੰ ਰਾਜਿਆਂ ਦੀ ਸਾਰੀ ਸੈਨਾ ਦੀ ਗਿਣਤੀ ਤੇ ਬਲ ਦੱਸ ਕੇ ਕਹਿਣਾ ਕਿ ਉਹ ਰਾਹ ਛੱਡ ਕੇ ਇਕ ਪਾਸੇ ਹੋ ਜਾਵੇ। ਜੇ ਟਾਕਰਾ ਹੋ ਗਿਆ ਤਾਂ ਖ਼ਰਾਬੀ ਹੋਵੇਗੀ। ਉਹ ਨਾ ਹੋਵੇ ਕਿ ਤੁਹਾਡਾ ਡੇਰਾ ਲੁਟਿਆ ਜਾਵੇ। ਇਹ ਦੱਸਣ ਲਈ ਰਾਜਿਆਂ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ। ਹਰ ਤਰੀਕੇ ਨਾਲ ਗੁਰੂ ਉਤੇ ਆਪਣੀ ਤਾਕਤ ਦਾ ਸਿੱਕਾ ਬਠਾਓ ਅਤੇ ਉਸ ਨੂੰ ਭੈ-ਭੀਤ ਕਰ ਦਿਓ।'

"ਪਰ ਭੀਮ ਚੰਦ ਨੇ ਸਮਝਾਇਆ, 'ਮੰਤਰੀ ਜੀ, ਪਹਿਲੋਂ ਗੁਰੂ ਨਾਲ ਕੋੜਾ ਫਿੱਕਾ ਨਾ ਬੋਲਣਾ। ਜੇ ਉਹ ਸੁਲਹ-ਸਫ਼ਾਈ ਨਾਲ ਰਾਹ ਦੇ ਦੇਵੇ ਤਾਂ ਇਹਦੇ ਵਰਗੀ ਕੋਈ ਗੱਲ ਨਹੀਂ। ਜੇ ਉਹ ਨਾ ਮੰਨੇ ਤਾਂ ਇਹ ਗੱਲਾਂ ਕਹਿ ਦੇਣੀਆਂ। ਜਿਵੇਂ ਹੋ ਸਕੇ ਧੋਖੇ ਨਾਲ ਜਾਂ ਬਲ ਦਾ ਡਰਾਵਾ ਦੇ ਕੇ ਰਸਤਾ ਜ਼ਰੂਰ ਲੈ ਕੇ ਆਉਣਾ।'

"ਵਜ਼ੀਰ ਨੇ ਆਪਣੇ ਰਾਜੇ ਦਾ ਦਿਲੀ ਮਤਲਬ ਸਮਝ ਲਿਆ ਸੀ ਕਿ ਜੰਗ ਤਕ ਨੌਬਤ ਨਹੀਂ ਆਣ ਦੇਣੀ। ਉਸ ਨੇ ਆਪਣੇ ਰਾਜੇ ਦੀ ਗੱਲ ਪੱਲੇ ਬੰਨ੍ਹੀ ਅਤੇ ਵੀਹ ਸਵਾਰ ਨਾਲ ਲੈ ਕੇ ਗੁਰੂ ਜੀ ਕੋਲ ਜਾਣ ਲਈ ਤਿਆਰ ਹੋ ਗਿਆ।

"ਉਧਰ ਗੁਰੂ ਜੀ ਨੂੰ ਰਾਜਿਆਂ ਦੇ ਦਲ ਬਲ ਨਾਲ ਜੰਜ ਲੈ ਕੇ ਆਉਣ ਦੀ ਖ਼ਬਰ ਪਹੁੰਚ ਚੁਕੀ ਸੀ। ਸ਼ਹਿਰ ਦੀ ਰੱਖਿਆ ਲਈ ਸ਼ਹਿਰ ਤੋਂ ਦੋ ਕੁ ਕੋਹ ਦੀ ਵਾਟ ਤੇ ਬੰਦੂਕਚੀਆਂ ਨੇ ਆਪਣੇ ਮੋਰਚੇ ਕਾਇਮ ਕਰ ਲਏ ਸਨ ਅਤੇ ਉਨ੍ਹਾਂ ਦੀ ਕੁਮਕ ਲਈ ਪੰਜ ਸੌ ਸ-ਸ਼ਸਤਰ ਸਵਾਰ ਪਿਛੇ ਤਿਆਰ ਬੈਠੇ ਸਨ। ਬਾਕੀ ਦੀ ਸਾਰੀ ਸੈਨਾ ਨੂੰ ਵੀ ਸਾਵਧਾਨ ਰਹਿਣ ਦੀ ਆਗਿਆ ਸੀ। ਸਤਿਗੁਰੂ ਜਾਣਦੇ ਸਨ ਕਿ ਜੰਜਾਂ ਦੇ ਬਹਾਨੇ ਅਚਾਨਕ ਹਮਲੇ ਹੋਇਆ ਕਰਦੇ ਹਨ ਅਤੇ ਸਤਿਗੁਰਾਂ ਨਾਲ ਭੀਮ ਚੰਦ ਦਾ ਵਿਗਾੜਾ ਤਾਂ ਪਹਿਲੋਂ ਹੈ ਈ ਸੀ।

"ਭੀਮ ਚੰਦ ਦਾ ਪਰਧਾਨ ਮੰਤਰੀ ਇਨ੍ਹਾਂ ਤਿਆਰੀਆਂ ਨੂੰ ਚੋਰ-ਅੱਖੀਂ ਦੇਖਦਾ ਪਾਉਂਟੇ ਵੱਲ ਜਾ ਰਿਹਾ ਸੀ। ਨਗਰ ਦੇ ਲਾਗੇ ਵੀ ਜੋਧਿਆਂ ਦੀਆਂ ਛਾਉਣੀਆਂ ਦੇਖੀਆਂ ਤੇ ਆਮ ਲੋਕਾਂ ਨੂੰ ਵੀ ਸ਼ਹਿਰ ਵਿਚ ਸ-ਸ਼ਸਤਰ ਦੇਖਿਆ। ਜਦ ਉਸ ਸਤਿਗੁਰੂ ਜੀ ਦੇ ਦਰਬਾਰ ਵੱਲ ਰੁਖ਼ ਕੀਤਾ ਤਾਂ ਗੁਰੂ ਜੀ ਦੇ ਘੋੜ-ਚੜ੍ਹਿਆਂ ਨੇ ਉਸ ਦੇ ਦਸਤੇ ਨੂੰ ਘੇਰ ਲਿਆ। ਵਜ਼ੀਰ ਨੇ ਦੱਸਿਆ ਕਿ ਰਾਜਿਆਂ ਨੇ ਨਿਮਰ-ਭਾਵ ਨਾਲ ਮੈਨੂੰ ਸਤਿਗੁਰਾਂ ਦੇ ਚਰਨਾਂ ਵਿਚ ਭੇਜਿਆ ਹੈ ਤੇ ਸਤਿਗੁਰੂ ਜੀ ਤਕ ਮੈਂ ਪਹੁੰਚਣਾ ਜ਼ਰੂਰ ਹੈ। ਸਵਾਰ ਉਨ੍ਹਾਂ ਨੂੰ ਘੇਰ ਕੇ ਦੁਆਰਪਾਲ ਤਕ ਲੈ ਗਏ। ਦੁਆਰਪਾਲ ਦੇ ਲਾਗੇ ਵੀ ਕਈ ਬਲੀ ਜੋਧੇ ਖੜੇ ਸਨ। ਦੁਆਰਪਾਲ ਨੇ ਇਕ ਸਿੱਖ ਨੂੰ ਸਤਿਗੁਰਾਂ ਵੱਲ ਭੇਜਿਆ, ਜਿਸ ਨੇ ਹੱਥ ਜੋੜ ਕੇ ਭੀਮ ਚੰਦ ਦੇ ਪਰਧਾਨ ਦੇ ਆਉਣ ਦੀ ਖ਼ਬਰ ਦਿੱਤੀ। ਗੁਰੂ ਮਹਾਰਾਜ ਨੇ ਉਸੇ ਵੇਲੇ ਆਗਿਆ ਕੀਤੀ ਕਿ ਉਸ ਨੂੰ ਆਦਰ ਸਹਿਤ ਦਰਬਾਰ ਵਿਚ ਹਾਜ਼ਰ ਕੀਤਾ ਜਾਵੇ। ਦੁਆਰਪਾਲ ਦਾ ਨਾਇਬ ਉਸੇ ਵੇਲੇ ਬਾਹਰ ਆਇਆ ਤੇ ਪਰਧਾਨ ਨੂੰ ਨਾਲ ਲਿਜਾ ਕੇ ਸਤਿਗੁਰਾਂ ਕੋਲ ਪਹੁੰਚਾ ਦਿਤਾ।

"ਦੀਵਾਨ ਸੱਜਿਆ ਹੋਇਆ ਸੀ, ਜਿਵੇਂ ਦੇਵਤਿਆਂ ਦਾ ਦਰਬਾਰ ਹੋਵੇ। ਸਤਿਗੁਰੂ ਇੰਦਰ ਦੇਵ ਵਾਂਗ ਸਿੰਘਾਸਨ ਤੇ ਬਿਰਾਜਮਾਨ ਸਨ। ਸਾਹਮਣੇ ਇਕ ਕਰੜੀ ਕਮਾਨ ਪਈ ਸੀ। ਸਤਿਗੁਰਾਂ ਦੇ ਹੱਥ ਵਿਚ ਸੋਨੇ ਦੇ ਸੰਮ ਵਾਲਾ ਇਕ ਤਿੱਖਾ ਤੀਰ ਸੀ, ਜਿਸ ਨੂੰ ਹੱਥ ਵਿਚ ਭੁਆਂ ਭੁਆਂ ਕੇ ਸਾਹਿਬ ਦੇਖ ਰਹੇ ਸਨ।

"ਰਾਜੇ ਦੇ ਵਕੀਲ ਨੇ ਨਿਮਰਤਾ ਸਹਿਤ ਹੱਥ ਜੋੜੇ ਤੇ ਲਾਗੇ ਪਹੁੰਚ ਕੇ ਡੰਡੌਤ ਕੀਤੀ। ਸਤਿਗੁਰੂ ਜੀ ਮੁਸਕਰਾਏ ਤੇ ਸ੍ਰੀ ਮੁਖ ਤੋਂ ਬਚਨ ਕੀਤਾ, 'ਆਓ, ਰਾਜੇ ਦੇ ਮੰਤਰੀ ਜੀ! ਆਪ ਬੜੇ ਚਿਰ ਮਗਰੋਂ ਆਏ ਹੋ।


www.AKJ.Org

ਆਪਣੇ ਰਾਜਾ ਜੀ ਦਾ ਹਾਲ ਦੱਸੋ ਕਿ ਕਿਸ ਕੰਮ ਲਈ ਆਪ ਨੂੰ ਭੇਜਿਆ ਗਿਆ ਹੈ।'

"ਵਜ਼ੀਰ ਨੇ ਉੱਤਰ ਵਿਚ ਬੇਨਤੀ ਕੀਤੀ, 'ਆਪ ਜੀ ਨੂੰ ਆਪਣਾ ਆਸਰਾ ਜਾਣ ਕੇ ਰਾਜਾ ਜੀ ਨੇ ਆਪ ਨੂੰ ਨਮਸਕਾਰ ਭੇਜੀ ਹੈ। ਆਪ ਸੋਢੀ-ਕੁਲ ਸ਼੍ਰੋਮਣੀ ਹੋ। ਜਦੋਂ ਦੇ ਆਪ ਇਧਰ ਪਧਾਰੇ ਹੋ, ਰਾਜਾ ਜੀ ਆਪ ਜੀ ਨੂੰ ਯਾਦ ਕਰਦੇ ਤੇ ਪਿਛਲੀਆਂ ਗੱਲਾਂ ਤੇ ਪਛਤਾਉਂਦੇ ਰਹੇ ਹਨ। ਹੁਣ ਰਾਜਾ ਜੀ ਕੁਮਾਰ ਜੀ ਦੀ ਸ਼ਾਦੀ ਲਈ ਬਾਈ-ਧਾਰ ਦੇ ਰਾਜਿਆਂ ਤੇ ਉਨ੍ਹਾਂ ਦੀਆਂ ਸੈਨਾ ਸਮੇਤ ਬੜੇ ਉਤਸ਼ਾਹ ਨਾਲ ਬਿਲਾਸ-ਪੁਰ ਤੋਂ ਚੱਲ ਕੇ ਆਏ ਹਨ......।'

"ਸਤਿਗੁਰਾਂ ਬਲ ਤੇ ਡਰਾਵੇ ਦੀ ਨਿਮਰਤਾ ਵਿਚ ਛੁਪੀ ਗੱਲ ਨੂੰ ਤਾੜ ਕੇ ਵਜ਼ੀਰ ਦੀ ਗੱਲ ਨੂੰ ਵਿਚੋਂ ਹੀ ਕੱਟਦਿਆਂ ਕਿਹਾ, 'ਖਿਮਾ ਕਰਨਾ, ਮੰਤਰੀ ਜੀ, ਤੁਸੀਂ ਦੂਤ ਬਣ ਕੇ ਆਏ ਹੋ। ਤੁਸੀਂ ਬੇਸ਼ਕ ਸਾਡੇ ਵਲੋਂ ਸਾਰੇ ਪਰਬਤੀ ਰਾਜਿਆਂ ਨੂੰ ਕਹਿ ਦਿਓ ਕਿ ਜੇ ਤੁਹਾਨੂੰ ਬਲ ਦਾ ਅਹੰਕਾਰ ਹੈ ਤਾਂ ਟਾਕਰੇ ਲਈ ਮੈਦਾਨ ਵਿਚ ਨਿੱਤਰ ਆਓ। ਸਾਡੀ ਵਲੋਂ ਕੋਈ ਦੇਰ ਨਹੀਂ। ਇਹ ਰਾਜੇ ਕਹਿੰਦੇ ਕੁਝ ਤੇ ਕਰਦੇ ਕੁਝ ਹੋਰ ਨੇ। ਅਸੀਂ ਛਲੀਆਂ ਦੇ ਛਲ ਵਿਚ ਨਹੀਂ ਵਲੇ ਜਾ ਸਕਦੇ। ਸਾਡਾ ਆਸਰਾ ਅਸਿਕੇਤ ਵਾਹਿਗੁਰੂ ਹੈ। ਇਸ ਲਈ ਸਾਨੂੰ ਵੱਡੀਆਂ ਫ਼ੌਜਾਂ ਤੇ ਵੱਡੇ ਜੋਧਿਆਂ ਦਾ ਕੋਈ ਭੈ ਨਹੀਂ। ਜਿਸ ਤਰ੍ਹਾਂ ਤੁਹਾਡਾ ਰਾਜਾ ਕਹਿੰਦਾ ਹੈ, ਅਸਾਂ ਇਸ ਤਰ੍ਹਾਂ ਅਨੰਦਪੁਰ ਨਹੀਂ ਜਾਣਾ। ਸਾਨੂੰ ਪਤਾ ਹੈ ਅਸੀਂ ਕਦੋਂ ਉਥੇ ਜਾਣਾ ਹੈ। ਸਾਰਿਆਂ ਰਾਜਿਆਂ ਨੂੰ ਕਹਿ ਦਿਓ ਕਿ ਜੇ ਉਨ੍ਹਾਂ ਨੂੰ ਜੰਗ ਦੀ ਭੁੱਖ ਹੈ ਤਾਂ ਫ਼ੌਜਾਂ ਲੈ ਕੇ ਅਗਾਂਹ ਆਉਣ। ਅਸੀਂ ਉਨ੍ਹਾਂ ਦਾ ਆਗਮਨ ਦੇਖ ਕੇ ਉਨ੍ਹਾਂ ਦੀ ਪਰਾਹੁਣ-ਚਾਰੀ ਲਈ ਚੰਗਾ ਪਰਬੰਧ ਕਰ ਛੱਡਿਆ ਹੈ। ਢਾਲਾਂ ਦੇ ਥਾਲਾਂ ਵਿਚ ਪਰੋਸ ਕੇ, ਤਲਵਾਰਾਂ ਦੇ ਘੇਵਰ, ਗੋਲੀਆਂ ਦੇ ਸ਼ਕਰਪਾਰੇ, ਤੀਰਾਂ ਦੇ ਜਲੇਬ, ਬਰਛਿਆਂ ਦੀ ਬਰਫ਼ੀ, ਸਾਡੇ ਜੋਧੇ ਉਨ੍ਹਾਂ ਨੂੰ ਵਰਤਾਉਣਗੇ। ਜੇ ਇਹ ਗੱਲ ਮਨਜ਼ੂਰ ਨਹੀਂ ਤਾਂ ਉਹ ਕਿਸੇ ਹੋਰ ਰਸਤੇ ਜੰਜ ਲੈ ਜਾਣ। ਹਾਂ ਇਕ ਗੱਲ ਹੋਰ ਹੋ ਸਕਦੀ ਹੈ ਕਿ ਉਹ ਫ਼ੌਜਾਂ ਨੂੰ ਪਿਛੇ ਛਡ ਕੇ ਨਿਰੀ ਜੰਜ ਹੀ ਇਸ ਰਸਤੇ ਲੈ ਜਾਣ। ਪਰਧਾਨ ਜੀ, ਜੋ ਸਾਡੇ ਦਿਲ ਦੀ ਗੱਲ ਹੈ ਬਿਨਾ ਵਲ ਛਲ ਦੇ ਅਸਾਂ ਤੁਹਾਨੂੰ ਦੱਸ ਦਿੱਤੀ ਹੈ। ਜੰਗ ਦੀ ਲਾਲਸਾ ਹੈ ਤਾਂ ਉਹ ਇਧਰ ਆ ਜਾਣ, ਤੇ ਬਹੁਤ ਦਿਨਾਂ ਦਾ ਗੁੱਸਾ ਲਾਹ ਲੈਣ।'

"ਜਦੋਂ ਸਤਿਗੁਰਾਂ ਦੀ ਸਾਫ਼ ਸਾਫ਼ ਗੱਲ ਮੰਤਰੀ ਨੇ ਸੁਣ ਲਈ ਤਾਂ ਉਹ ਕਿੰਨਾ ਚਿਰ ਸਿਰ ਸੁੱਟ ਕੇ ਬੈਠਾ ਰਿਹਾ। ਉਹ ਦਿਲ ਵਿਚ ਸਮਝ ਗਿਆ ਕਿ ਗੁਰੂ ਜੀ ਕਿਸੇ ਤਰ੍ਹਾਂ ਵੀ ਸੈਨਾ ਸਮੇਤ ਜੰਜ ਨੂੰ ਰਾਹ ਨਹੀਂ ਦੇਣਗੇ। ਅੰਤ ਉਹ ਫੇਰ ਡੰਡੌਤ ਕਰ ਕੇ ਤੇ ਸਾਰੀ ਸਭਾ ਨੂੰ ਨਮਸਕਾਰ ਕਰ ਕੇ ਉਠਿਆ ਅਤੇ ਛੇਤੀ ਹੀ ਰਾਜਿਆਂ ਦੇ ਡੇਰੇ ਪਹੁੰਚਾ, ਜਿਥੇ ਸਾਰੇ ਰਾਜੇ ਉਸ ਦੀ ਉਡੀਕ ਵਿਚ ਬੈਠੇ ਸਨ।

"ਭੀਮ ਚੰਦ ਨੇ ਉਤਾਵਲ ਨਾਲ ਪੁੱਛਿਆ, 'ਹਾਂ, ਪਰਧਾਨ ਜੀ, ਦੱਸੋ ਗੁਰੂ ਨੇ ਕੀ ਕਿਹਾ।'

"ਮੰਤਰੀ ਨੇ ਹੱਥ ਜੋੜ ਕੇ ਉੱਤਰ ਦਿਤਾ, 'ਗੁਰੂ ਜੀ ਆਪ ਸਾਰਿਆਂ ਦੀ ਨੀਤੀ ਨੂੰ ਭਲੀ ਪਰਕਾਰ ਪਛਾਣਦੇ ਹਨ। ਉਨ੍ਹਾਂ ਨੂੰ ਧੋਖਾ ਦੇਣਾ ਅਸੰਭਵ ਹੈ। ਉਨ੍ਹਾਂ ਕਿਹਾ ਹੈ ਕਿ ਜਦ ਤੋਂ ਅਨੰਦਪੁਰ ਵਿਚ ਰਹਿੰਦਿਆਂ ਤੁਹਾਡੇ ਰਾਜਾ ਜੀ ਨੇ ਸਾਡੇ ਨਾਲ ਬੇਅਰਥ ਵਿਗਾੜ ਪਾਇਆ ਹੈ ਤੇ ਸਾਡੇ ਨਾਲ ਜੁੱਧ ਰਚਾਉਣ ਦੀਆਂ ਤਿਆਰੀਆਂ ਕਰਦਾ ਰਿਹਾ ਹੈ ਉਦੋਂ ਤੋਂ ਹੀ ਅਸੀਂ ਮੁਕਾਬਲਾ ਕਰਨ ਲਈ ਤਿਆਰ ਰਹੇ ਹਾਂ। ਜਿਸ ਨੇ ਆਪਣੀ ਚੋਣ ਦੇ ਸਮੇਂ ਤੇ ਅਸਥਾਨ ਉਤੇ ਸਾਡੇ ਨਾਲ ਲੜਨ ਦਾ ਇਰਾਦਾ ਕੀਤਾ ਹੋਇਆ ਹੈ, ਉਸ ਨਾਲ ਸੰਧੀ ਦਾ ਕੀ ਕੰਮ। ਉਨ੍ਹਾਂ ਬੜੇ ਜੋਸ਼ ਤੇ ਦ੍ਰਿੜ੍ਹਤਾ ਨਾਲ ਕਿਹਾ ਹੈ ਕਿ ਅਸੀਂ ਇਸ ਰਸਤੇ ਫ਼ੌਜਾਂ ਨੂੰ ਨਹੀਂ ਲੰਘਣ ਦੇਣਾ। ਬਾਕੀ, ਬੰਦੂਕਚੀ ਮੋਰਚਿਆਂ ਵਿਚ ਬੈਠੇ ਹੋਏ ਹਨ। ਉਨ੍ਹਾਂ ਦੀਆਂ ਸਾਰੀਆਂ ਲੁਕਵੀਆਂ ਜੰਗੀ ਚਾਲਾਂ ਤਾਂ ਜਾਣੀਆਂ ਨਹੀਂ ਜਾ ਸਕਦੀਆਂ। ਛਾਉਣੀਆਂ ਬਝੀਆਂ ਹੋਈਆਂ ਹਨ ਤੇ ਜੋਧਿਆਂ, ਘੋੜਿਆਂ ਤੇ ਸ਼ਸਤਰਾਂ ਦਾ ਕੋਈ ਘਾਟਾ ਨਹੀਂ। ਕਿਲ੍ਹਾ ਤਾਂ ਦੇਖਿਆ ਨਹੀਂ ਸੀ ਜਾ ਸਕਦਾ, ਪਰ ਬਾਗਾਂ ਵਿਚ ਵੀ ਜੋਧਿਆਂ ਦੇ ਦਲ ਡੇਰੇ ਲਾਈ ਬੈਠੇ ਹਨ।'

"ਇਹ ਸੁਣ ਕੇ ਭੀਮ ਚੰਦ ਨੂੰ ਬਹੁਤ ਚਿੰਤਾ ਹੋਈ। ਸ੍ਰੀ ਨਗਰ-ਗੜ੍ਹਵਾਲ ਨੂੰ ਹੋਰ ਕੋਈ ਲਾਗੇ ਦਾ ਰਸਤਾ ਨਹੀਂ ਸੀ। ਦੂਰ ਦੇ ਰਸਤੇ ਸਾਹੇ ਤੇ ਨਹੀਂ ਸੀ ਪਹੁੰਚਿਆ ਜਾ ਸਕਦਾ। ਉਸ ਫੇਰ ਰਾਜਿਆਂ ਨਾਲ ਸਲਾਹ ਕੀਤੀ। ਕੇਸਰੀ ਚੰਦ, ਗੋਪਾਲ, ਕਿਰਪਾਲ ਆਦਿ ਰਾਜਿਆਂ ਦੀ



www.AKJ.Org

ਸਲਾਹ ਸੀ ਕਿ ਅਸੀਂ ਫ਼ੌਜਾਂ ਲੈ ਕੇ ਅਗਾਂਹ ਵਧੀਏ । ਗੁਰੂ ਜੇ ਸ਼ਤੁਰਤਾ ਕਰੇ ਤਾਂ ਹਮਲਾ ਕਰ ਕੇ ਪੈ ਜਾਈਏ, ਤੇ ਗੋਲੀਆਂ ਤੇ ਤੀਰਾਂ ਦੀ ਮਾਰ ਨਾਲ ਉਨ੍ਹਾਂ ਦੀ ਸੈਨਾ ਨੂੰ ਪਿਛੇ ਹਟਾ ਕੇ ਜੰਜ ਜਮਨਾ ਪਾਰ ਕਰ ਲਈਏ ਅਤੇ ਇਸ ਤੋਂ ਮਗਰੋਂ ਸੈਨਾ ਨਾਲ ਪਾਉਂਟੇ ਤੇ ਹਮਲਾ ਕਰ ਕੇ, ਗੁਰੂ ਦਾ ਡੇਰਾ ਲੁੱਟ ਕੇ, ਜਿੱਤ ਦੇ ਡੰਕੇ ਵਜਾਉਂਦੇ ਸ੍ਰੀ ਨਗਰ ਨੂੰ ਕੂਚ ਕਰੀਏ ।

"ਪਰ ਭੀਮ ਚੰਦ ਨੇ ਇਹ ਸਲਾਹ ਨਾ ਮੰਨੀ। ਉਹ ਦਿਲੋਂ ਜਾਣਦਾ ਸੀ ਕਿ ਗੁਰੂ ਸਾਹਿਬ ਇਕ ਅਣਖੀਲੇ ਜੋਧੇ ਹਨ । ਮੰਤਰੀ ਤੋਂ ਮੁੜ ਸਲਾਹ ਪੁਛਣ ਤੇ ਉਸ ਨੇ ਕਿਹਾ, 'ਮਹਾਰਾਜ, ਮੇਰੇ ਨਿਕ੍ਰਿਸ਼ਟ ਮਤ ਅਨੁਸਾਰ ਗੁਰੂ ਤੁਹਾਨੂੰ ਜਮਨਾ ਦੇ ਤਟ ਤਕ ਨਹੀਂ ਪਹੁੰਚਣ ਦੇਣ ਲੱਗਾ । ਬੜਾ ਘਮਸਾਣ ਮਚੇਗਾ । ਸਾਹਾ ਟਲ ਜਾਏਗਾ । ਫੇਰ ਕੌਣ ਜਾਣਦਾ ਹੈ ਕਿ ਲੜਾਈ ਦਾ ਪਰਿਣਾਮ ਕੀ ਹੋਵੇ। ਕੌਣ ਜੀਵੇ ਤੇ ਕੌਣ ਮਰੇ ? ਮੇਰੀ ਰਾਇ ਅਨੁਸਾਰ ਗੁਰੂ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਦੂਲ੍ਹੇ ਨੂੰ ਰਾਜਘਾਟ ਤੋਂ ਲੰਘ ਜਾਣ ਦੇਣ ਤਾਂ ਕਿ ਸਾਹੇ ਵਿਚ ਵਿਘਨ ਨਾ ਪਵੇ। ਅਤੇ ਫ਼ੌਜਾਂ ਤੇ ਰਾਜੇ ਲੰਮੇ ਰਾਹ ਮਗਰੋਂ ਪਹੁੰਚ ਜਾਣ ।'

"ਇਹ ਸੁਣ ਕੇ ਭੀਮ ਚੰਦ ਨੇ ਕਿਹਾ, 'ਮੰਤਰੀ ਜੀ, ਤੁਸੀਂ ਰਾਜ ਕੁਮਾਰ ਨੂੰ ਇਕੱਲਾ ਭੇਜਣਾ ਚਾਹੁੰਦੇ ਹੋ ? ਜੇ ਰਾਜ ਕੁਮਾਰ ਨੂੰ ਗੁਰੂ ਕੈਦ ਕਰ ਲਵੇ ਤਾਂ ? ਗੁਰੂ ਨੂੰ ਮਾਇਆ ਦਾ ਲੋਭ ਲਾਲਚ ਵੀ ਨਹੀਂ । ਮੈਨੂੰ ਤੇ ਕੋਈ ਸਮਝ ਨਹੀਂ ਪੈਂਦੀ ! ਤੁਸੀਂ ਹੀ ਕੋਈ ਐਸਾ ਉਪਾ ਢੂੰਡੋ ਕਿ ਦੂਲ੍ਹਾ ਸ੍ਰੀ ਨਗਰ ਵੇਲੇ ਸਿਰ ਪਹੁੰਚ ਜਾਏ ।'

"ਕੁਝ ਸੋਚ ਕੇ ਵਜ਼ੀਰ ਨੇ ਕਿਹਾ, 'ਮਹਾਰਾਜ ! ਤੁਸੀਂ ਫ਼ਿਕਰ ਨਾ ਕਰੋ । ਇਹ ਸਭ ਕੁਝ ਤੁਸੀਂ ਮੇਰੇ ਤੇ ਛੱਡੋ। ਮੈਂ ਗੁਰੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਸਾਡਾ ਉਨ੍ਹਾਂ ਨਾਲ ਵਿਰੋਧ ਹੈ; ਇਹ ਵੱਖਰੀ ਗੱਲ ਹੈ। ਪਰ ਸੱਚ ਪੁਛੋ ਤਾਂ, ਜਿੱਥੇ ਉਹ ਪਰਮ-ਵੀਰ ਤੇ ਧਰਮ-ਵੀਰ ਹਨ, ਉਥੇ ਦਾਨ-ਵੀਰ ਤੇ ਕਿਰਪਾ-ਨਿਧਾਨ ਵੀ ਹਨ । ਠੀਕ ਹੈ, ਉਹ ਸ਼ਤਰੂ ਦੇ ਸ਼ਤਰੂ ਹਨ, ਪਰ ਸ਼ਤਰੂ ਦੀ ਸੰਤਾਨ ਦੇ ਸ਼ਤਰੂ ਨਹੀਂ । ਉਹ ਉੱਚੇ ਆਦਰਸ਼ਾਂ ਤੇ ਚਲਦੇ ਹਨ ਤੇ ਉਨ੍ਹਾਂ ਤੋਂ ਹੇਠਾਂ ਨਹੀਂ ਉਤਰਦੇ । ਆਪ ਖ਼ਾਤਰ ਜਮ੍ਹਾ ਰੱਖੋ । ਬੇਨਤੀ ਕਦੇ ਖ਼ਾਲੀ ਨਹੀਂ ਮੁੜੇਗੀ ।'

"ਜਦ ਮੰਤਰੀ ਨੇ ਹਾਮੀ ਭਰੀ ਤਾਂ ਭੀਮ ਚੰਦ ਨੇ ਉਸ ਦੀ ਸਲਾਹ ਮੰਨ ਲਈ ਤੇ ਕੁਮਾਰ ਨੂੰ ਸਦ ਕੇ ਡੋਲੀ ਵਿਚ ਬਿਠਾਇਆ ਤੇ ਹਉਕਾ ਭਰ ਕੇ ਮੰਤਰੀ ਜੀ ਦੇ ਨਾਲ ਤੋਰ ਦਿਤਾ। ਮੰਤਰੀ ਤੇ ਪੰਜ ਹੋਰ ਸੇਵਕ ਘੋੜਿਆਂ ਤੇ ਸਵਾਰ ਪਾਉਂਟੇ ਪਹੁੰਚੇ। ਸਤਿਗੁਰਾਂ ਦੇ ਦਰਬਾਰ ਵਿਚ ਪਹੁੰਚ ਕੇ ਸਾਰਿਆਂ ਮੱਥਾ ਟੇਕਿਆ। ਸਤਿਗੁਰਾਂ ਮੰਤਰੀ ਤੇ ਕੁਮਾਰ ਦਾ ਯਥਾ ਯੋਗ ਆਦਰ ਕੀਤਾ।

"ਮੰਤਰੀ ਨੇ ਬੇਨਤੀ ਕੀਤੀ, 'ਮਹਾਰਾਜ ਸਤਿਗੁਰੂ ਜੀ ! ਕਿਰਪਾ ਕਰੋ ਤੇ ਆਪ ਇਸ ਬਾਲਕ ਨੂੰ ਰਾਜਘਾਟ ਤੋਂ ਮੇਰੇ ਨਾਲ ਮੇਰੇ ਸੇਵਕਾਂ ਸਮੇਤ ਲੰਘਣ ਦੀ ਆਗਿਆ ਦੇਵੋ। ਰਾਜਾ ਜੀ ਨੇ ਵੀ ਮੇਰੇ ਰਾਹੀਂ ਆਪ ਜੀ ਦੇ ਚਰਨਾਂ ਵਿਚ ਇਹੋ ਬੇਨਤੀ ਕੀਤੀ ਹੈ......।'

" 'ਮੰਤਰੀ ਜੀ, ਤੁਹਾਡਾ ਕਹਿਣਾ ਹੀ ਬਹੁਤ ਹੈ। ਰਾਜ ਕੁਮਾਰ, ਅਜਮੇਰ ਚੰਦ, ਤੇਰੇ ਨਾਲ ਸਾਡਾ ਕੋਈ ਵਿਰੋਧ ਨਹੀਂ । ਤੂੰ ਤੇ ਸਾਡਾ ਬੱਚਾ ਹੈਂ ।'

"ਇਹ ਸੁਣ ਕੇ ਰਾਜਕੁਮਾਰ ਦੇ ਚਿਹਰੇ ਤੇ ਕੁਝ ਵਿਸ਼ੇਸ਼ ਭਾਂਤ ਦੇ ਭਾਵ ਪਰਗਟ ਹੋਏ ਜਿਨ੍ਹਾਂ ਨੂੰ ਦੇਖਦਿਆਂ ਸਤਿਗੁਰਾਂ ਫੇਰ ਕਿਹਾ, 'ਰਾਜ ਕੁਮਾਰ, ਇਹ ਠੀਕ ਹੈ ਕਿ ਆਯੂ ਵਿਚ ਤੂੰ ਮੈਥੋਂ ਛੋਟਾ ਨਹੀਂ। ਪਰ ਇਹ ਗੱਦੀ ਜਗਤ ਗੁਰੂ ਬਾਬੇ ਨਾਨਕ ਦੇਵ ਜੀ ਦੀ ਹੈ। ਤੁਸੀਂ ਇਸ ਲਈ ਮੇਰੇ ਬੱਚੇ ਹੀ ਹੋ । ਅਸੀਂ ਤਾਂ ਵੈਰੀ ਦਾ ਬੱਚਾ ਵੀ ਆਪਣਾ ਹੀ ਬੱਚਾ ਸਮਝਦੇ ਹਾਂ। ਤੁਸੀਂ ਸ-ਸ਼ਸਤਰ ਰਾਜ-ਘਾਟ ਤੋਂ ਲੰਘ ਜਾ ਸਕਦੇ ਹੋ। ਜਿਹੜੇ ਰਾਜੇ ਤੁਹਾਡੇ ਨਾਲ ਬਿਨਾਂ ਸ਼ਸਤਰ ਜਾਣਾ ਚਾਹੁਣ ਉਹ ਵੀ ਜਾ ਸਕਦੇ ਹਨ। ਪਰ ਤੁਹਾਡੇ ਪਿਤਾ, ਰਾਜਾ ਭੀਮ ਚੰਦ ਜੀ ਤੇ ਫ਼ੌਜ ਦਾ ਇਕ ਵੀ ਹੋਰ ਸ-ਸ਼ਸਤਰ ਸੈਨਿਕ ਨਹੀਂ ਲੰਘਣ ਦਿਤਾ ਜਾ ਸਕਦਾ। ਉਂਜ ਜੋ ਸਲੂਕ ਤੁਹਾਡੇ ਪਿਤਾ ਜੀ ਨੇ ਸਾਨੂੰ ਬਾਲਕ ਜਾਣ ਕੇ ਸਾਡੇ ਨਾਲ ਕਰਨਾ ਸ਼ੁਰੂ ਕੀਤਾ ਸੀ ਜੇ ਉਹੋ ਤੁਹਾਡੇ ਨਾਲ ਬਦਲੇ ਵਿਚ ਅਸੀਂ ਕਰੀਏ ਤਾਂ ਤੁਹਾਨੂੰ ਰੋਕ ਲਈਏ। ਪਰ ਗੁਰੂ-ਘਰ ਦੇ ਆਦਰਸ਼ ਮਹਾਨ ਹਨ। ਜਾਓ, ਬੇਟਾ ਜਾਓ ! ਫ਼ਤਿਹ ਸ਼ਾਹ ਕੋਈ ਓਪਰਾ ਨਹੀਂ। ਅਸੀਂ ਜੋ ਬਚਨ ਕਹਿ ਚੁਕੇ ਹਾਂ ਉਸ ਦੀ ਪਾਲਣਾ ਕਰਾਂਗੇ ।'

"ਮੰਤਰੀ ਨੇ ਕਿਹਾ, 'ਪਰਮ ਕਿਰਪਾਲੂ ਜੀ, ਧੰਨ ਹੋ ਆਪ ! ਆਪ ਉੱਚੇ ਹੋ। ਅਸੀਂ ਕਲਜੁਗੀ ਜੀਵ ਹਾਂ।


www.AKJ.Org

ਸਾਡੀ ਆਪ ਜੀ ਦੇ ਆਦਰਸ਼ਾਂ ਤਕ ਪਹੁੰਚ ਕਿੱਥੇ !'

"ਸਤਿਗੁਰਾਂ ਕਿਹਾ, 'ਤੁਸੀਂ ਕੁਮਾਰ ਦੀ ਰੱਖਿਆ ਲਈ ਪੰਦਰ੍ਹਾਂ ਹੋਰ ਸੈਨਿਕ ਮੰਗਵਾ ਸਕਦੇ ਹੋ। ਕਹੋ ਤਾਂ ਕੁਮਾਰ ਦੀ ਰੱਖਿਆ ਲਈ ਅਸੀਂ ਆਪਣੇ ਸੈਨਿਕ ਭੇਜ ਦੇਵੀਏ।'

"ਮੰਤਰੀ ਨੇ ਗਦਗਦ ਹੋ ਕੇ ਸਤਿਗੁਰਾਂ ਅੱਗੇ ਮੱਥਾ ਟੇਕਿਆ ਤੇ ਫੇਰ ਰਾਜਕੁਮਾਰ ਨੇ। ਮੰਤਰੀ ਨੇ ਖਲੋ ਕੇ ਬੇਨਤੀ ਕੀਤੀ, 'ਸਤਿਗੁਰੂ ਜੀ, ਆਪ ਨੇ ਸਾਡੇ ਤੇ, ਵਿਸ਼ੇਸ਼ ਕਰ ਕੇ ਮੇਰੇ ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ। ਆਪ ਜੀ ਦਾ ਸੁਨੇਹਾ ਹੁਣੇ ਗਿਰ-ਪਤੀਆਂ ਤਕ ਪਹੁੰਚਾ ਦਿੱਤਾ ਜਾਵੇਗਾ। ਪਰ ਆਪ ਆਪਣੀਆਂ ਸੈਨਾਂ ਨੂੰ ਆਗਿਆ ਕਰ ਦੇਵੋ ਕਿ ਕੁਮਾਰ ਜੀ, ਅੰਗ-ਰਖਸ਼ਕਾਂ, ਡੋਲਾ-ਬਰਦਾਰਾਂ ਤੇ ਮੈਨੂੰ ਰਾਜਘਾਟ ਦੇ ਰਾਹ ਵਿਚ ਕੋਈ ਰੋਕ ਨਾ ਹੋਵੇ ਤੇ ਸੁਰੱਖਿਅਤ ਢੰਗ ਨਾਲ ਸਾਨੂੰ ਜਮਨਾ ਤੋਂ ਪਾਰ ਪਹੁੰਚਾ ਦਿਤਾ ਜਾਵੇ।'

"ਸਤਿਗੁਰਾਂ ਉਸੇ ਵੇਲੇ ਦੂਤਾਂ ਰਾਹੀਂ ਇਹ ਆਗਿਆ ਹਰ ਨਾਕੇ ਤੇ ਪਹੁੰਚਾ ਦਿੱਤੀ।

"ਇਸ ਤਰ੍ਹਾਂ ਰਾਜਾ ਭੀਮ ਚੰਦ, ਬਰਾਤੀ ਰਾਜੇ ਤੇ ਸ-ਸ਼ਸਤਰ ਸੈਨਾ ਲੰਮੇ-ਬਿਖੜੇ ਰਸਤਿਓਂ ਸਾਹੇ ਤੋਂ ਪਛੜ ਕੇ ਸ੍ਰੀ ਨਗਰ ਪਹੁੰਚੇ। ਭੀਮ ਚੰਦ ਇਸੇ ਕਾਰਨ ਸਤਿਗੁਰੂ ਜੀ ਦਾ ਤੰਬੋਲ ਦੇਖ ਕੇ ਅੱਗ-ਭਬੂਕਾ ਹੋਇਆ। ਫ਼ਤਿਹ ਸ਼ਾਹ ਨੇ ਉਸ ਨੂੰ ਸ਼ਾਂਤ ਕਰਨ ਦੇ ਜਤਨ ਕੀਤੇ, ਪਰ ਉਹ ਕਿਸੇ ਤਰ੍ਹਾਂ ਵੀ ਨਾ ਮੰਨਿਆ ਅਤੇ ਉਸ ਦੀ ਪੁੱਤਰੀ ਦਾ ਡੋਲਾ ਛੱਡ ਜਾਣ ਦੀ ਧਮਕੀ ਦਿਤੀ। ਫ਼ਤਿਹ ਸ਼ਾਹ ਡਰ ਗਿਆ ਅਤੇ ਗੁਰੂ ਸਾਹਿਬ ਤੇ ਹਮਲਾ ਕਰਨ ਦੀ ਗੋਂਦ ਵਿਚ ਹੀ ਸ਼ਾਮਲ ਨਾ ਹੋਇਆ ਸਗੋਂ ਆਗੂ ਬਣਨਾ ਵੀ ਸ੍ਵੀਕਾਰ ਕੀਤਾ। ਇਸ ਤਰ੍ਹਾਂ ਪਹਾੜੀ ਰਾਜੇ ਸਮੇਤ ਆਪਣੀਆਂ, ਫ਼ਤਿਹ ਸ਼ਾਹ ਦੀਆਂ ਬਾ-ਕਾਇਦਾ ਫ਼ੌਜਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਸ-ਸ਼ਸਤਰ ਮੁਲਖਈਏ ਦੇ, ਰਾਜਾ ਫ਼ਤਿਹ ਸ਼ਾਹ ਦੀ ਅਗਵਾਈ ਵਿਚ ਛੋਟੇ ਰਸਤੇ ਪਾਉਂਟੇ ਵਲ ਵਧੇ। ਸਤਿਗੁਰਾਂ ਦੇ ਸੂਹੀਆਂ ਨੇ ਫ਼ੌਜ ਦੀ ਚੜ੍ਹਾਈ ਬਾਰੇ ਕਈ ਦਿਨ ਪਹਿਲਾਂ ਹੀ ਸਤਿਗੁਰਾਂ ਨੂੰ ਖ਼ਬਰ ਪਹੁੰਚਾ ਦਿਤੀ ਸੀ।

[ਭਿਆਨਕ ਜੁੱਧ ਦਾ ਵਰਨਣ ਅਗਲੇ ਪਰਚੇ ਵਿਚ ਪੜ੍ਹੋ]

## ਪਠਾਨਕੋਟ ਵਿਖੇ ਕੀਰਤਨ ਰੈਣ-ਸਬਾਈ

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਮਾਡਲ ਟਾਊਨ ਪਠਾਨਕੋਟ ਵਿਖੇ ੧੩ ਤੇ ੧੪ ਜੁਲਾਈ ੧੯੭੪ ਦੀ ਵਿਚਕਾਰਲੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਗੁਰਦਾਸਪੁਰ, ਬਟਾਲਾ ਅਤੇ ਇਲਾਕੇ ਦੇ ਕੀਰਤਨੀ ਵੀਰ ਭੈਣਾਂ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ। ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ. ਵੀ ਹਾਜ਼ਰੀ ਭਰਨਗੇ ਅਤੇ ਹਰਿ-ਜਸ ਦੀਆਂ ਗੂੰਜਾਂ ਸੰਗਤਾ ਦੇ ਸੰਗ-ਸਾਥ ਪਾ ਕੇ ਰੰਗ ਰਸ ਪ੍ਰਾਪਤ ਕਰਨਗੇ।

ਸਰਬਤ ਗੁਰਸਿਖ ਮਾਈ ਭਾਈ ਅਗੇ ਪ੍ਰਾਰਥਨਾ ਹੈ ਕਿ ਆਪ ਜੀ ਹੋਰ ਸਨੇਹੀਆਂ ਅਤੇ ਕੀਰਤਨ-ਰਸੀਆਂ ਸਮੇਤ ਪੁਜ ਕੇ ਕੀਰਤਨ ਦੇ ਲਾਹੇ ਪ੍ਰਾਪਤ ਕਰੋ।

ਦਾਸਰੇ—ਅਖੰਡ ਕੀਰਤਨੀ ਜੱਥਾ, ਪਠਾਨਕੋਟ

ਪੁਛ ਗਿੱਛ ਲਈ—

ਭਾਈ ਹਰਬੰਸ ਸਿੰਘ ਜੀ, ੧੬੬-ਚਾਰ ਮਰਲਾ ਕੁਆਟਰਜ਼, ਮਾਡਲ ਟਾਊਨ, ਪਠਾਨਕੋਟ

## ਬਿਧੀਪੁਰ (ਜਲੰਧਰ) ਵਿਖੇ ਕੀਰਤਨ ਰੈਣ-ਸਬਾਈ

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪਿੰਡ ਬਿਧੀਪੁਰ (ਡਬਲ ਫਾਟਕ) ਜੋ ਕਿ ਜਲੰਧਰ ਤੋਂ ਕਰਤਾਰਪੁਰ ਨੂੰ ਜਾਂਦਿਆਂ ਰਸਤੇ ਵਿਚ ਹੈ, ਵਿਖੇ ੨੭ ਜੁਲਾਈ ੧੯੭੪ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਗੁਰਦੁਆਰੇ ਵਿਚ ਹੋ ਰਿਹਾ ਹੈ। ਜਲੰਧਰ, ਹੁਸ਼ਿਆਰਪੁਰ, ਫਗਵਾੜਾ ਤੇ ਗੁਰਾਇਆ ਤੋਂ ਕੀਰਤਨੀ ਜੱਥੇ ਹਾਜ਼ਰੀਆਂ ਭਰਨਗੇ। ਸਮੂਹ ਮਾਈ ਭਾਈ ਦਰਸ਼ਨ ਦੇ ਕੇ ਨਿਵਾਜਣ।

ਦਾਸਰਾ—ਗੁਰਬਚਨ ਸਿੰਘ



www.AKJ.Org

# ਮੰਝ ਜਗਤ ਕਾ ਬੋਹਿਥਾ

[ਵਲੋਂ—ਸ: ਦਸੌਂਧਾ ਸਿੰਘ ਜੀ, ਰੀਟਾਇਰਡ ਹੈਡਮਾਸਟਰ, ਪੱਟੀ]

ਇਕ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਾਗੀਆਂ ਨੇ ਇਹ ਸ਼ਬਦ ਗਾਇਨ ਕੀਤਾ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ[1] ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ[2] ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ[3] ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ **ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥**

(ਮ: ੪, ਗਉੜੀ ਕੀ ਵਾਰ, ਪੰਨਾ ੩੦੫

ਸ਼ਬਦ ਦੀ ਸਮਾਪਤੀ ਤੇ ਗੁਰੂ ਜੀ ਨੇ ਆਪਣੇ ਮੁਖਾਰ-ਬਿੰਦ ਤੋਂ ਤਿੰਨ ਚਾਰ ਵਾਰ ਏਸ ਵਾਕ ਨੂੰ ਦੋਹਰਾਇਆ :— 'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ' ॥ ਗੁਰੂ ਜੀ ਓਸ ਗੁਰਸਿਖ ਦੀ ਚਰਨ-ਧੂੜ ਮੰਗਦੇ ਹਨ ਜਿਹੜਾ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਂਦਾ ਹੈ* ।

ਫੇਰ ਸਹਿਜ ਅਵਸਥਾ ਵਿਚ ਬੋਲੇ —

(੧) ਗੁਰਸਿਖਾ ਕੀ ਹਰਿ ਧੂੜ ਦੇਹਿ, ਹਮ ਪਾਪੀ ਭੀ ਗਤਿ ਪਾਂਹਿ ॥ [ਸਲੋਕ ਮ: ੪, ੧੪੨੪

(੨) ਹਮ ਹੋਵਹਿ ਲਾਲੇ ਗੋਲੇ ਗੁਰਸਿਖਾਂ ਕੇ, ਜਿਨਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥ [੪੯੩

(੩) ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ [੫੯੩

(੪) ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ [ਸੂਹੀ ਮ: ੫, ੭੬੩

ਅਜ ਤਕ ਜਿੰਨੇ ਪੀਰ ਪੈਗੰਬਰ, ਔਲੀਆ ਅਵਤਾਰ ਹੋਏ ਹਨ, ਸਭ ਨੇ ਇਹੋ ਜਿਹੇ ਚੇਲੇ ਤੇ ਮੁਰੀਦ ਬਣਾਏ ਹਨ ਜੋ ਉਨ੍ਹਾਂ ਨੂੰ ਮਥਾ ਟੇਕਣ; ਪਰ ਆਪਣੇ ਮੁਰੀਦਾਂ ਦੀ ਚਰਨ-ਧੂੜ ਮੰਗਣ ਵਾਲੇ, ਗੁਰਸਿਖਾਂ ਦੇ ਲਾਲੇ ਗੋਲੇ ਬਣਨ ਵਾਲੇ, ਆਪਣੇ ਮੁਰੀਦਾਂ ਨੂੰ ਨਿਉਂ ਨਿਉਂ ਕੇ ਨਮਸਕਾਰ ਕਰਨ ਵਾਲੇ ਸਿਰਫ ਸਿਖਾਂ ਦੇ ਗੁਰੂ ਸਾਹਿਬਾਨ ਹੀ ਹੋਏ ਹਨ।

ਇਹ ਬਚਨ ਸੁਣ ਕੇ ਭਾਈ ਗੁਰਦਾਸ ਜੀ ਨੇ ਹਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਇਹੋ ਜਿਹੇ ਗੁਰਸਿਖਾਂ ਦੇ ਸਾਨੂੰ ਭੀ ਦਰਸ਼ਨ ਕਰਾਓ ।" ਗੁਰੂ ਜੀ ਨੇ ਕਿਹਾ, "ਸਤਲੁਜ ਨਦੀ ਦੇ ਕੰਢੇ ਸ਼ਾਹੀ ਸੜਕ ਦੇ ਉਤੇ ਤਲਵਨ ਨਗਰ ਹੈ, ਓਥੇ ਭਾਈ ਮੰਝ ਰਹਿੰਦਾ ਹੈ, ਵਾਣ ਵਟ ਕੇ ਤੇ ਮੁੰਜ ਕੁਟ ਕੇ ਨਿਰਬਾਹ ਕਰਦਾ ਹੈ। ਓਸਦੇ ਦਰਸ਼ਨ ਕਰ ਆਓ ।" ਭਾਈ ਜੀ ਨੇ ਬੇਨਤੀ ਕੀਤੀ, "ਮਹਾਰਾਜ, ਹੁਕਮਨਾਮੇ ਤੋਂ ਬਗ਼ੈਰ ਉਹ ਕਿਸ ਤਰ੍ਹਾਂ ਜਾਣੇਗਾ ਕਿ ਮੈਂ ਗੁਰੂ-ਦਰਬਾਰ ਵਿਚੋਂ ਆਇਆ ਹਾਂ ?"

ਗੁਰੂ ਜੀ ਨੇ ਹੁਕਮ ਲਿਖਿਆ, 'ਗੁਰਮੁਖ ਪਿਆਰੇ ਮੰਝ ਜੀਉ, ਤਲਾਂ ਦੀ ਸੇਵਾ ਤੇ ਹਰਿਮੰਦਰ ਸਾਹਿਬ ਦੀ ਉਸਾਰੀ ਦੇ ਕਾਰਨ ਸੰਗਤ ਬਹੁਤ ਇਕੱਠੀ ਹੋ ਗਈ ਹੈ, ਗੁਰੂ ਦੇ ਲੰਗਰ ਲਈ ਪੰਜ ਸੌ ਰੁਪੈ ਭੇਜੋ ।'

ਇਹ ਹੁਕਮ ਲੈ ਕੇ ਭਾਈ ਗੁਰਦਾਸ ਜੀ ਤਲਵਨ ਪੁਜ ਗਏ ।

ਪੁਛਦੇ-ਪੁਛਾਂਦੇ ਜਦ ਭਾਈ ਗੁਰਦਾਸ ਜੀ ਘਰ ਪੁਜੇ ਤਾਂ ਕੀ ਦੇਖਦੇ ਹਨ ਕਿ ਕਾਨਿਆਂ ਅਤੇ ਸਰਕੜੇ

---

੧. ਨਿਤ ਸਵੇਰੇ। ੨. ਪਾਪ । ੩. ਸਾਹ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ ।

*ਦੂਜਿਆਂ ਨੂੰ ਨਾਮ ਜਪਾਉਣ ਤੋਂ ਭਾਵ ਨਿਗੁਰਿਆਂ ਨੂੰ ਪ੍ਰੇਰ ਕੇ, ਗੁਰੂ-ਸ਼ਰਨ ਲਿਆ ਕੇ ਪੰਜਾਂ ਪਿਆਜਿਆਂ ਤੋਂ ਗੁਰ-ਦੀਖਿਆ (ਗੁਰਮੰਤ੍ਰ) ਦਿਵਾਉਣ ਤੋਂ ਹੈ, ਨਾ ਕਿ ਆਪ ਹੁਦਰਿਓਂ ਨਿਗੁਰਿਆਂ ਨੂੰ ਨਾਮ ਦਸ ਕੇ ਜਪਾਉਣ ਦੀ ਮਨਮਤ ਤੋਂ ਹੈ । [ਸੰਪਾਦਕ



www.AKJ.Org

ਦੀ ਛਨ ਦੇ ਬਾਹਰ ਬੈਠਾ ਇਕ ਸਿਖ ਵਾਣ ਵੱਟ ਰਿਹਾ ਹੈ। ਕੋਲ ਹੀ ਇਕ ਨੌਜਵਾਨ ਮੁੰਜ ਕੁਟ ਰਿਹਾ ਹੈ ਤੇ ਘਰ ਵਾਲੀ ਚੌਕੇ ਚੁਲ੍ਹੇ ਦਾ ਕੰਮ ਕਰ ਰਹੀ। ਜਦ ਸਤਿ ਕਰਤਾਰ ਕਹਿ ਕੇ ਨਮਸਕਾਰ ਕੀਤੀ ਤਾਂ ਮੰਝ ਜਾਣ ਗਿਆ ਕਿ ਗੁਰੂ ਦਰਬਾਰ ਵਿਚੋਂ ਕੋਈ ਗੁਰਮੁਖ ਮਿਲਣ ਆਇਆ ਹੈ।

ਉਠ ਕੇ ਬੜੇ ਆਦਰ ਸਤਿਕਾਰ ਨਾਲ ਜੀ ਆਇਆਂ ਨੂੰ ਕਿਹਾ। ਮੰਜੇ ਤੇ ਖੇਸ ਵਿਛਾ ਕੇ ਬਿਠਾ ਦਿਤਾ ਤੇ ਮੁਖ ਤੋਂ ਆਪ-ਮੁਹਾਰੇ ਇਹ ਸ਼ਬਦ ਨਿਕਲ ਰਹੇ ਸਨ :—

"ਭਲਕੇ[1] ਉਠਿ ਪਰਾਹੁਣਾ, ਮੇਰੈ ਘਰਿ ਆਵਉ ॥
ਪਾਉ ਪਖਾਲਾ[2] ਤਿਸ ਕੇ, ਮਨਿ ਤਨਿ ਨਿਤ ਭਾਵਉ ॥"

"ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਰਵਨ ਸੁਨਾਵਨਾ ॥੧॥ਰਹਾਉ॥ ਤੁਧੁ ਆਵਤ ਮੇਰਾ ਮਨੁ ਤਨੁ ਹਰਿਆ, ਹਰਿ ਜਸੁ ਤੁਮ ਸੰਗਿ ਗਾਵਨਾ ॥"

ਸਾਜਨਾ ਸੰਤ ਆਉ ਮੇਰੈ ॥੧॥ਰਹਾਉ॥ ਆਨਦਾ ਗੁਨ ਗਾਇ ਮੰਗਲ, ਕਸਮਲਾ[3] ਮਿਟਿ ਜਾਹਿ ਪਰੇਰੈ ॥ ੧ ॥ ਸੰਤ ਚਰਨ ਧਰਉ ਮਾਥੈ, ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥ ਸੰਤ ਪ੍ਰਸਾਦਿ ਕਮਲੁ ਬਿਗਸੈ, ਗੋਬਿੰਦ ਭਜਉ ਪੇਖਿ ਨੇਰੈ ॥ ॥ ਪ੍ਰਭ ਕ੍ਰਿਪਾ ਤੇ ਸੰਤ ਪਾਏ, ਵਾਰਿ ਵਾਰਿ ਨਾਨਕ ਉਹ ਬੇਰੈ ॥੪॥

ਏਸ ਤਰ੍ਹਾਂ ਦੇ ਬਚਨ-ਬਿਲਾਸ ਕਰਦਿਆਂ ਭੋਜਨ ਤਿਆਰ ਹੋ ਗਿਆ ਅਤੇ ਆਏ ਗੁਰਸਿਖ ਨੂੰ ਛਕਾਇਆ ਗਿਆ। ਪਰਸ਼ਾਦ-ਪਾਣੀ ਤੋਂ ਵੇਹਲੇ ਹੋ ਕੇ ਭਾਈ ਗੁਰਦਾਸ ਜੀ ਨੇ ਗੁਰੂ ਜੀ ਦਾ ਹੁਕਮਨਾਮਾ ਕਢ ਕੇ ਭਾਈ ਮੰਝ ਨੂੰ ਦਿਤਾ। ਪੜ੍ਹ ਕੇ ਮਥੇ ਨਾਲ ਲਾਇਆ। ਧੰਨ ਭਾਗ! ਮੈਂ ਨਿਮਾਣੇ ਨੂੰ ਵੀ ਸਤਿਗੁਰੂ ਨੇ ਯਾਦ ਕੀਤਾ ਹੈ।" ਘਰ ਵਾਲੀ ਦੇ ਪੁਛਣ ਤੇ ਦਸਿਆ ਕਿ ਗੁਰੂ ਜੀ ਨੇ ਗੁਰੂ ਕੇ ਲੰਗਰ ਲਈ ਪੰਜ ਸੌ ਰੁਪੈ ਭੇਜਣ ਦਾ ਹੁਕਮ ਦਿਤਾ ਹੈ। ਘਰ ਵਾਲੀ ਸੋਚਾਂ ਵਿਚ ਪੈ ਗਈ ਕਿ ਚਾਰ ਪੰਜ ਆਨੇ ਰੋਜ਼ ਦੀ ਕਮਾਈ ਹੈ, ਅਧੇ ਵਿਚ ਆਪਣਾ ਨਿਰਬਾਹ ਕਰਕੇ ਬਾਕੀ ਅਧਾ ਆਏ ਗਏ ਨੂੰ ਛਕਾ ਦੇਂਦੇ ਹਾਂ, ਪੰਜ ਸੌ ਰੁਪੈ ਕਿਥੋਂ ਦਿਆਂਗੇ। ਮਾਤਾ ਨੂੰ ਸੋਚਾਂ ਵਿਚ ਪਈ ਦੇਖ ਕੇ ਨੌਜਵਾਨ ਪੁਤਰ ਬੋਲਿਆ, "ਮਾਤਾ ਜੀ, ਦਿੱਲੀ ਤੋਂ ਊਠਾਂ ਵਾਲੇ ਬਿਉਪਾਰੀਆਂ ਦਾ ਇਕ ਕਾਫ਼ਲਾ ਆਪਣੇ ਨਗਰ ਵਿਚ ਉਤਰਿਆ ਹੈ। ਓਹਨਾਂ ਦਾ ਸਰਦਾਰ ਮੈਨੂੰ ਪੁਛਦਾ ਸੀ ਕਿ ਉਨ੍ਹਾਂ ਨੂੰ ਇਕ ਨੌਜਵਾਨ ਦੀ ਲੋੜ ਹੈ, ਜਿਹੜਾ ਉਨ੍ਹਾਂ ਦੇ ਊਠਾਂ ਦੀ ਸੇਵਾ ਕਰ ਸਕੇ। ਤੁਸੀਂ ਮੈਨੂੰ ਓਨ੍ਹਾਂ ਪਾਸ ਵੇਚ ਕੇ ਗੁਰੂ ਕੇ ਲੰਗਰ ਲਈ ਪੰਜ ਸੌ ਰੁਪੈ ਭੇਜ ਦਿਓ। ਏਨੇ ਪੈਸੇ ਤਾਂ ਓਹ ਮੇਰੇ, ਦੇ ਹੀ ਦੇਣਗੇ।"

ਧੰਨ ਗੁਰੂ, ਧੰਨ ਗੁਰੂ ਦੇ ਸਿਖ ਤੇ ਧੰਨ ਅਜਿਹੀ ਆਗਿਆਕਾਰ ਸੰਤਾਨ। ਅਜ ਅਸੀਂ ਆਪਣੇ ਸਵਾਰਥਾਂ ਲਈ ਗੁਰੂ ਨੂੰ ਵੀ ਵੇਚਣ ਨੂੰ ਤਿਆਰ ਹਾਂ। ਪੰਜ ਸੋ ਰੁਪੈ ਭਾਈ ਗੁਰਦਾਸ ਜੀ ਦੇ ਹਵਾਲੇ ਕੀਤੇ ਤੇ ਪੁਤਰ ਨੂੰ ਸੌਦਾਗਰ ਦੇ ਹਵਾਲੇ ਕਰਕੇ ਕਿਹਾ, "ਪੁਤਰ, ਆਪਣੇ ਮਾਲਕ ਦੀ ਤਨ ਮਨ ਨਾਲ ਸੇਵਾ ਕਰਨੀ, ਗੁਰਬਾਣੀ ਦੀ ਓਟ ਨਹੀਂ ਛਡਣੀ ਤੇ ਮਨ ਨੂੰ ਵਿਸ਼ੇ-ਵਿਕਾਰਾਂ ਤੋ ਹੋੜ ਕੇ ਗੁਰੂ-ਚਰਨਾਂ ਨਾਲ ਜੋੜੀ ਰੱਖਣਾ।" ਪੁਤਰ ਤੋਂ ਵਿਛੜਨ ਲਗਿਆਂ ਮਾਂ ਦੀਆਂ ਅਖਾਂ ਵਿਚੋਂ ਅਥਰੂਆਂ ਦੀਆਂ ਨਦੀਆਂ ਵਗ ਤੁਰੀਆਂ ਤੇ ਕਾਲਜਾ ਫੜ ਕੇ ਬੈਠ ਗਈ। ਇਹ ਸਾਰਾ ਨਜ਼ਾਰਾ ਦੇਖ ਕੇ ਭਾਈ ਗੁਰਦਾਸ ਜੀ ਦੀਆਂ ਅੱਖਾਂ ਵੀ ਸਜਲ ਹੋ ਗਈਆਂ।

ਮਾਇਆ ਲਿਆ ਕੇ ਗੁਰੂ-ਚਰਨਾਂ ਵਿਚ ਰਖੀ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ, ਧੰਨ ਤੁਸੀਂ ਤੇ ਧੰਨ ਤੁਹਾਡੇ ਸਿਖ, ਸਾਡੇ ਮਥੇ ਏਸ ਯੋਗ ਨਹੀਂ ਹਨ ਕਿ ਅਸੀਂ ਓਨ੍ਹਾਂ ਚਰਨਾਂ ਦੀ ਪਵਿਤਰ ਧੂੜ ਨੂੰ ਆਪਣੇ ਮਥੇ ਤੇ ਲਾ ਸਕੀਏ।" ਭਾਈ ਜੇਠਾ ਤੇ ਪੈੜਾ ਜੀ ਨੇ ਕਿਹਾ, "ਭਾਈ ਸਾਹਿਬ ਜੀ, ਕੁਝ ਸਾਨੂੰ ਵੀ ਦਸੋ।" ਬੋਲੇ, 'ਅਲਉਤੀ ਕਾ ਜੈਸੇ ਭਇਆ ਬਰੇਡਾ, ਜਿਨਿ ਪੀਆ ਤਿਨਿ ਜਾਨਿਆ।' ਮਿਸਰੀ ਦਾ ਜਿਵੇਂ ਸ਼ਰਬਤ ਬਣਾਇਆ ਜਾਵੇ ਤਾਂ ਉਸ ਦਾ ਸੁਆਦ ਪੀਣ ਵਾਲਾ ਹੀ ਜਾਣ ਸਕਦਾ ਹੈ।

X X X

ਦੋ ਢਾਈ ਮਹੀਨੇ ਪਿਛੋਂ ਭਾਈ ਜੇਠੇ ਦੇ ਦਿਲ ਵਿਚ ਖ਼ਿਆਲ ਆਇਆ ਕਿ ਐਸੇ ਸਿਖ ਦੇ ਦਰਸ਼ਨ ਕਰਨੇ ਚਾਹੀਦੇ ਹਨ, ਜਿਸ ਨੂੰ ਭਾਈ ਗੁਰਦਾਸ ਜੀ ਵੀ ਆਪਣੇ ਨਾਲੋਂ ਉਤਮ ਸਮਝਦੇ ਹਨ। ਗੁਰੂ ਜੀ ਅਗੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ, ਮੈਨੂੰ ਵੀ ਹੁਕਮ-ਨਾਮਾ ਬਖਸ਼ੋ, ਮੈਂ ਓਸ ਸਿਖ ਦੇ ਦਰਸ਼ਨ ਕਰ ਸਕਾਂ।" ਗੁਰੂ ਜੀ ਨੇ ਫੇਰ ਹੁਕਮ ਲਿਖ ਦਿਤਾ ਕਿ ਪੰਜ ਸੌ ਦਮੜੇ ਗੁਰੂ ਕੇ ਲੰਗਰ ਲਈ ਭੇਜੋ। ਇਹ ਹੁਕਮਨਾਮਾ ਲੈ ਕੇ ਭਾਈ ਜੇਠਾ

੧. ਸਵੇਰੇ। ੨. ਧੋਵਾਂ। ੩. ਪਾਪ।



www.AKJ.Org

ਜੀ ਤਲਵਨ ਪੁਜੇ । ਓਹੋ ਨਜ਼ਾਰਾ ਵੇਖਿਆ ਜੋ ਭਾਈ ਗੁਰਦਾਸ ਜੀ ਨੇ ਵੇਖਿਆ ਸੀ । ਦੇਵਨੇਤ ਨਾਲ ਓਹੋ ਕਾਫ਼ਲਾ ਫੇਰ ਕਾਬਲ ਤੋਂ ਮੁੜ ਕੇ ਏਥੇ ਉਤਰਿਆ ਹੋਇਆ ਸੀ, ਤੇ ਦੋਵੇਂ ਜੀਅ ਹੁਣੇ ਹੀ ਆਪਣੇ ਪੁੱਤਰ ਨੂੰ ਮਿਲ ਕੇ ਆਏ ਸਨ। ਅੰਨ-ਪਾਣੀ ਛਕਣ ਤੋਂ ਪਿਛੋਂ ਗੁਰੂ ਜੀ ਦਾ ਹੁਕਮਨਾਮਾ ਭਾਈ ਮੰਝ ਨੂੰ ਦਿਤਾ ਗਿਆ। ਉਨ੍ਹਾਂ ਆਪਣੇ ਘਰ ਵਾਲੀ ਨੂੰ ਪੜ੍ਹ ਕੇ ਸੁਣਾਇਆ । ਹਥ ਜੋੜ ਕੇ ਸਿਰ ਨਿਵਾ ਕੇ ਬੋਲੀ, "ਧੰਨ ਹਨ ਸਤਿਗੁਰੂ ਜੀ, ਮਾਂ ਪੁਤਾਂ ਦਾ ਵਿਛੋੜਾ ਦੇਖਿਆ ਨਹੀਂ ਗਿਆ । ਹੁਣ ਆਪ ਹੀ ਦੋਹਾਂ ਨੂੰ ਇਕੱਠੇ ਕਰਨ ਦੀ ਬਿਧ ਬਣਾ ਦਿਤੀ ਸੂ। ਹੁਣੇ ਹੀ ਚਲੋ ਤੇ ਮੈਨੂੰ ਵੀ ਮੇਰੇ ਪੁਤਰ ਕੋਲ ਛਡ ਆਓ। ਪੰਜ ਸੌ ਤਾਂ ਕਾਫ਼ਲੇ ਦਾ ਸਰਦਾਰ ਦੇ ਹੀ ਦੇਊ ।" ਹੁਣ ਭਾਈ ਜੇਠਾ ਜੀ ਨੂੰ ਗਿਆਨ ਹੋਇਆ ਕਿ ਇਕਲੌਤਾ ਪੁਤਰ ਵੇਚ ਕੇ ਭਾਈ ਗੁਰਦਾਸ ਜੀ ਨੂੰ ਪੰਜ ਸੌ ਰੁਪੈ ਦਿਤੇ ਸਨ ਤੇ ਹੁਣ ਘਰ ਵਾਲੀ ਵੀ ਵਿਕਣ ਨੂੰ ਤਿਆਰ ਹੈ। ਗੁਰੂ ਜੀ ਨੇ ਫ਼ੁਰਮਾਇਆ ਹੈ, "ਹਮ ਹੋਵਹ ਲਾਲੇ ਗੋਲੇ ਗੁਰਸਿਖਾਂ ਕੇ, ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥" ਅਸੀਂ ਤਾਂ ਇਹੋ ਜਿਹੇ ਸਿਖਾਂ ਦੇ ਗੋਲੇ ਬਣਨ ਯੋਗ ਵੀ ਨਹੀਂ ਹਾਂ। ਧੰਨ ਗੁਰੂ ਜੀ ਮਹਾਰਾਜ ਤੇ ਧੰਨ ਹਨ ਉਨ੍ਹਾਂ ਦੇ ਸਿਖ। ਭਾਈ ਮੰਝ ਆਪਣੀ ਪਤਨੀ ਨੂੰ ਨਾਲ ਲੈ ਕੇ ਕਾਫ਼ਲੇ ਦੇ ਸਰਦਾਰ ਕੋਲ ਗਏ ਤੇ ਕਹਿਣ ਲਗੇ, "ਲਓ ਜੀ, ਹੁਣ ਮਾਂ-ਪੁਤਾਂ ਨੂੰ ਇਕੱਠੇ ਕਰ ਲਓ । ਪੰਜ ਸੌ ਹੀ ਹੁਣ ਦੇ ਦਿਓ।" ਸਰਦਾਰ ਨੇ ਕਿਹਾ, "ਸਿਖਾ ! ਤੇਰਾ ਪੁਤਰ ਬਹੁਤ ਨੇਕ ਹੈ। ਮਨ ਲਾ ਕੇ ਕੰਮ ਕਰਦਾ ਹੈ। ਏਹੋ ਜਿਹੇ ਜਵਾਨ ਤਾਂ ਭਾਗਾਂ ਨਾਲ ਹੀ ਮਿਲਦੇ ਹਨ । ਓਸ ਦੀ ਮਾਤਾ ਕਾਫ਼ਲੇ ਦੀਆਂ ਰੋਟੀਆਂ ਪਕਾਣ ਦਾ ਕੰਮ ਕਰੀ ਜਾਊ।" ਪੰਜ ਸੌ ਰੁਪੈ ਭਾਈ ਮੰਝ ਦੀ ਝੋਲੀ ਪਾ ਦਿਤੇ । ਭਾਈ ਜੇਠਾ ਜੀ ਅੰਮ੍ਰਿਤਸਰ ਪੁਜ ਕੇ ਗੁਰੂ ਜੀ ਦੇ ਚਰਨਾਂ ਵਿਚ ਮਥਾ ਟੇਕ ਕੇ ਬੋਲੇ, 'ਮਹਾਰਾਜ ! ਅਸੀਂ ਤਾਂ ਓਸ ਸਿਖ ਦੇ ਗੋਲੇ ਬਣਨ ਯੋਗ ਵੀ ਨਹੀਂ ਹਾਂ। ਜਦ ਸਾਰੀ ਸੰਗਤ ਨੇ ਪੁਛਿਆ ਕਿ ਸਾਨੂੰ ਵੀ ਕੁਛ ਦਸੋ ਤਾਂ ਜੇਠਾ ਜੀ ਬੋਲੇ, ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥' 'ਕਹਿਬੇ ਕੋ ਸੋਭਾ ਨਹੀ, ਦੇਖਾ ਹੀ ਪਰਵਾਨੁ ॥'

X X X

ਮਹੀਨੇ ਕੁ ਪਿਛੋਂ ਪੈੜਾ ਜੀ ਨੇ ਹੱਥ ਜੋੜ ਕੇ ਗੁਰੂ ਜੀ ਅਗੇ ਬੇਨਤੀ ਕੀਤੀ। ਜਿਸ ਸਿਖ ਦੇ ਭਾਈ ਗੁਰਦਾਸ ਤੇ ਭਾਈ ਜੇਠਾ ਜੀ ਨੂੰ ਦਰਸ਼ਨ ਕਰਾਏ ਜੇ, ਮੈਨੂੰ ਵੀ ਕਰਵਾਓ । ਓਸ ਨੂੰ ਹੁਕਮਨਾਮਾ ਲਿਖ ਦਿਤਾ ਗਿਆ ਤੇ ਓਸ ਨੇ ਤਲਵਨ ਪੁਜ ਕੇ ਵੇਖਿਆ ਕਿ ਭਾਈ ਮੰਝ ਮੁੰਜ ਕੁਟ ਕੇ ਵਾਣ ਵਟ ਰਿਹਾ ਹੈ ਤੇ ਬੜੇ ਪ੍ਰੇਮ ਨਾਲ ਗੁਰਬਾਣੀ ਗਾਇਨ ਕਰ ਰਿਹਾ ਹੈ—

> ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ, ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ **ਕ੍ਰਿਪਾ ਕਰਹਿ ਤਾ ਸਤਗੁਰੁ ਮੇਲਹਿ,** ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੇ ਧਿਆਈ ॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ ॥੪॥ ਪਖਾ ਫੇਰੀ ਪਾਣੀ ਢੋਵਾ, ਜੋ ਦੇਵਹਿ ਸੋ ਖਾਈ ॥੫॥ ਨਾਨਕ ਗਰੀਬੁ ਢਹਿ ਪਇਆ ਦੁਆਰੈ, ਹਰਿ ਮੇਲਿ ਲੈਹੁ ਵਡਿਆਈ ॥੬॥

[ਰਾਗ ਸੂਹੀ ਮਹਲਾ ੪, ੭੫੭-੫੮

ਭਾਈ ਪੈੜਾ ਜੀ ਨੇ ਹੁਕਮਨਾਮਾ ਦਿਖਾਇਆ ਤਾਂ ਪੜ੍ਹ ਕੇ ਅਖਾਂ ਮੀਟ ਲਈਆਂ । ਹਥ ਜੋੜ ਕੇ ਅਰਦਾਸ ਕੀਤੀ, 'ਗਰੀਬ ਨਿਵਾਜ ! ਪੁਤਲੀਆਂ ਦਾ ਤਮਾਸ਼ਾ ਕਰ ਰਹੇ ਹੋ। ਹੁਣ ਮੇਰਾ ਗਾਹਕ ਵੀ ਆਪ ਹੀ ਭੇਜੋ। ਆਪਣਾ ਕਾਰਜ ਆਪੇ ਸਵਾਰ ਲਓ । ਇਸ ਵੇਰ ਕਾਫ਼ਲੇ ਵਾਲੇ ਕੋਈ ਨਹੀਂ ਸਨ । ਜਾਂ ਡੂੰਘਾ ਹਨੇਰਾ ਹੋ ਗਿਆ ਤਾਂ ਊਠਾਂ ਦੇ ਟਲ ਵਜਦੇ ਸੁਣ ਪਏ। ਭਾਈ ਮੰਝ ਵਾਹੋ ਦਾਹੀ ਉਠ ਕੇ ਪੜਾ ਵਲ ਗਏ ਤਾਂ ਓਹੋ ਕਾਫ਼ਲਾ ਦਿੱਲੀ ਤੋਂ ਹੋ ਕੇ ਵਾਪਸ ਆ ਗਿਆ ਸੀ । ਪੁਤਰ ਨੂੰ ਮਿਲ ਕੇ ਗਲ ਲਾ ਲਿਆ । ਘਰ ਵਾਲੀ ਨੇ ਹਥ ਜੋੜ ਕੇ ਮਥਾ ਟੇਕਿਆ ਤੇ ਸੁਖ ਸਾਂਦ ਪੁਛੀ ਦੱਸੀ। ਕਾਫ਼ਲੇ ਦਾ ਸਰਦਾਰ ਵੀ ਮਿਲਿਆ। ਓਸ ਨੇ ਕਿਹਾ, "ਭਾਈ, ਤੇਰਾ ਪੁਤਰ ਤੇ ਘਰ ਵਾਲੀ ਤਾਂ ਕੰਮ ਕਰਦੇ ਥਕਦੇ ਹੀ ਨਹੀਂ, ਨਾਲ ਨਾਲ ਕੰਮ ਕਰਦੇ ਹਨ ਤੇ ਨਾਲੇ ਕੁਝ ਗਾਈ ਜਾਂਦੇ ਹਨ । ਇਹ ਕੀ ਗਾਉਂਦੇ ਹਨ ?" ਭਾਈ ਮੰਝ ਨੇ ਕਿਹਾ,


www.AKJ.Org

'ਅਸੀਂ ਗੁਰੂ ਅਰਜਨ ਦੇਵ ਜੀ ਦੇ ਸਿਖ ਹਾਂ, ਜਿਹੜੇ ਸਿਖਾਂ ਦੇ ਪੰਜਵੇਂ ਗੁਰੂ ਹਨ । ਅਸੀਂ ਆਪਣੇ ਗੁਰੂਆਂ ਦੀ ਬਾਣੀ ਹੀ ਪੜ੍ਹਦੇ ਤੇ ਗਾਉਂਦੇ ਹਾਂ, ਹੋਰ ਕਿਸੇ ਕਚੀ ਬਾਣੀ ਨੂੰ ਨਹੀਂ ਗਾਉਂਦੇ।" ਅਗਲੇ ਦਿਨ ਸਵੇਰੇ ਉਠ ਕੇ ਭਾਈ ਮੰਝ, ਭਾਈ ਪੈੜੇ ਨੂੰ ਨਾਲ ਲੈ ਕੇ ਕਾਫ਼ਲੇ ਦੇ ਸਰਦਾਰ ਪਾਸ ਗਿਆ ਤੇ ਕਹਿਣ ਲਗਾ, "ਲਓ ਜੀ, ਹੁਣ ਮੈਂ ਵੀ ਵਕਾਊ ਹਾਂ । ਮੁਲ ਸਾਡਾ ਗੁਰੂ ਸਾਹਿਬ ਨੇ ਆਪ ਹੀ ਬੰਨ੍ਹ ਦਿਤਾ ਹੈ। ਵਧ ਅਸਾਂ ਲੈਣਾ ਨਹੀਂ । ਮੇਰਾ ਵੀ ਪੰਜ ਸੌ ਏਸ ਸਿਖ ਦੀ ਝੋਲੀ ਪਾਓ ਤੇ ਮੈਨੂੰ ਵੀ ਮਾਂ ਪੁਤਾਂ ਨਾਲ ਰਲਾ ਲਓ ।" ਸਰਦਾਰ ਨੇ ਕਿਹਾ, "ਭਾਈ ਸਾਨੂੰ ਪਹਿਰੇਦਾਰ ਚਾਹੀਦਾ ਹੈ ਤੇ ਏਹ ਕੰਮ ਔਖਾ ਹੈ। ਰੋਜ਼ ਦਾ ਪੰਦਰ੍ਹਾਂ ਸੋਲ੍ਹਾਂ ਕੋਹ ਪੈਂਡਾ ਕਰਨਾ ਤੇ ਫੇਰ ਸਾਰੀ ਰਾਤ ਜਾਗਣਾ ਬੜਾ ਔਖਾ ਹੈ । ਆਪਣਾ ਪੜ੍ਹਿਆ ਵਿਚਾਰ ਲੈ।" ਭਾਈ ਮੰਝ ਨੇ ਕਿਹਾ, "ਕੋਈ ਗੱਲ ਨਹੀਂ, ਦੋ ਜਣੇ ਹਾਂ, ਵਾਰੀ ਵਾਰੀ ਪਹਿਰਾ ਦੇ ਲਵਾਂਗੇ।" "ਭਾਈ ਦੂਜਾ ਸਾਥੀ ਕਿਥੇ ਹੈ ?" "ਮੇਰੇ ਹਿਰਦੇ ਵਿਚ ਹਰ ਵੇਲੇ ਮੇਰੇ ਨਾਲ, ਮੈਂ ਕਦੇ ਸੌ ਜਾਂਦਾ ਹਾਂ, ਪਰ ਓਹ ਸੌਂਦਾ ਹੀ ਨਹੀਂ।" 'ਚੰਗਾ ਭਈ, ਸਾਨੂੰ ਤਾਂ ਪਹਿਰਾ ਚਾਹੀਦਾ ਹੈ।" ਭਾਈ ਪੈੜੇ ਨੂੰ ਹੁਣ ਪਤਾ ਲਗਾ ਕਿ ਅਗੇ ਤਾਂ ਗੁਰੂ ਲਈ ਮਾਂ ਤੇ ਪੁਤ ਨੂੰ ਵੇਚਿਆ ਸੀ, ਤੇ ਹੁਣ ਆਪ ਵੀ ਵਿਕ ਗਿਆ।" ਹੈਰਾਨ ਰਹਿ ਗਿਆ ਕਿ ਅਸੀਂ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਸਮਝੀ ਬੈਠੇ ਹਾਂ ਕਿ ਸਾਡੇ ਵਰਗਾ ਕੋਈ ਸਿਖ ਨਹੀਂ, ਤੇ ਏਥੇ ਕੋਹਾਂ ਤੇ ਬੈਠੇ ਸਿਖ ਨੂੰ ਮੁੜ ਮੁੜ ਤਾਉ ਦੇ ਦੇ ਕੇ ਸੋਨੇ ਤੋਂ ਪਾਰਸ ਬਣਾ ਰਹੇ ਹਨ। ਰੁਪੈ ਲੈ ਕੇ ਗੁਰੂ ਦਰਬਾਰ ਪੁਜਾ, ਤੇ ਕਿਹਾ, "ਮਹਾਰਾਜ, ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖ ਚਲਿਆ ॥"

ਸਾਰੀ ਸੰਗਤ ਉਤਾਵਲੀ ਹੋ ਕੇ ਬੋਲੀ, "ਸਾਨੂੰ ਵੀ ਐਸੇ ਗੁਰਸਿਖ ਦੇ ਦਰਸ਼ਨ ਕਰਾਓ, ਅਸੀਂ ਵੀ ਓਸ ਦੀ ਚਰਨ-ਧੂੜ ਮਥੇ ਲਾ ਸਕੀਏ ।" ਗੁਰੂ ਜੀ ਨੇ ਸਹਿਜ ਅਵਸਥਾ ਵਿਚ ਕਿਹਾ, "ਉਤਾਵਲੇ ਨਾ ਹੋਵੋ, ਏਥੇ ਆ ਹੀ ਰਹਾ ਹੈ ਤੇ ਤੁਹਾਡੇ ਵਿਚ ਹੀ ਰਹੇਗਾ । ਰਜ ਰਜ ਕੇ ਦਰਸ਼ਨ ਕਰ ਲਿਓ ।"

ਕਾਫ਼ਲਾ ਤਲਵਨ ਤੋਂ ਤੁਰ ਪਿਆ । ਤਿੰਨੇ ਗੁਰਸਿਖ ਕਦੀ ਦੂਜਿਆਂ ਨੂੰ ਜਪਜੀ ਸਾਹਿਬ ਦੀ ਪਹਿਲੀ ਪਉੜੀ ਯਾਦ ਕਰਵਾਂਦੇ ਹਨ, ਕਦੇ ਵਾਹਿਗੁਰੂ ਦੀ ਧੁਨ ਲਾਉਂਦੇ ਹਨ, ਤੇ ਕਦੇ ਗੁਰੂ ਸਾਹਿਬਾਨ ਦੀਆਂ ਤੇ ਗੁਰੂ ਜੀ ਦੇ ਸਿਖਾਂ ਦੀਆਂ ਸਾਖੀਆਂ ਸੁਣਾਂਦੇ ਹਨ । ਸ਼ਾਮ ਵੇਲੇ ਕਾਫ਼ਲਾ ਬਿਆਸਾ ਨਦੀ ਦੇ ਸਜੇ ਕੰਢੇ ਤੇ ਪੁਜਾ । ਏਥੋਂ ਸਵੇਰੇ ਮਿਆਨੀ ਦਾ ਪਤਣ ਲੰਘ ਕੇ ਲਾਹੌਰ ਵਾਲੀ ਸੜਕੇ ਪੈਣਾ ਸੀ। ਚਾਰ ਚੁਫੇਰੇ ਊਠ ਬਿਠਾ ਕੇ ਵਿਚ ਸਾਮਾਨ ਰਖ ਲਿਆ। ਭਾਈ ਮੰਝ ਨੇ ਕਾਫ਼ਲੇ ਦੇ ਸਾਰੇ ਆਦਮੀਆਂ ਨੂੰ ਸੰਗਤ ਵਿਚ ਬਿਠਾ ਕੇ ਰਹਿਰਾਸ ਦਾ ਪਾਠ ਕੀਤਾ। ਫੇਰ ਅਰਦਾਸ ਕਰ ਕੇ ਪ੍ਰਸ਼ਾਦ ਛਕਿਆ । ਸਾਰੇ ਸੌਂ ਗਏ ਤੇ ਭਾਈ ਮੰਝ ਨੇ ਪਹਿਰੇ ਦਾ ਕੰਮ ਸੰਭਾਲ ਲਿਆ । ਅੱਧੀ ਰਾਤ ਤਕ ਤਾਂ ਪਹਿਰਾ ਦਿਤਾ, ਫੇਰ ਨੀਂਦ ਨੇ ਜ਼ੋਰ ਪਾਇਆ ਤਾਂ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਇਹ ਸ਼ਬਦ ਪੜ੍ਹਿਆ:—

ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮਕਾਰ[1] ਦੁਖੁ ਲਗੈ ਨ ਭਾਈ॥
ਸਤਿਗੁਰੁ ਪੂਰਾ ਭੇਟਿਆ, ਜਿਨਿ ਬਣਤ ਬਣਾਈ ॥
ਰਾਮਨਾਮੁ ਅਉਖਧੁ[2] ਦੀਆ, ਏਕਾ ਲਿਵ ਲਾਈ
॥੧॥ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ,
ਸਭ ਬਿਆਧਿ[3] ਮਿਟਾਈ ॥ ਕਹੁ ਨਾਨਕ ਕਿਰਪਾ
ਭਈ, ਪ੍ਰਭ ਭਏ ਸਹਾਈ ॥

[ਬਿਲਾਵਲ ਮ: , ਪੰਨਾ ੮੧੯

ਅੰਤਰ ਧਿਆਨ ਹੋ ਕੇ ਅਰਦਾਸ ਕੀਤੀ, "ਮਹਾਰਾਜ ਜੀ,ਹੁਣ ਨੀਂਦ ਨੇ ਜ਼ੋਰ ਪਾਇਆ ਏ,ਹੁਣ ਦਾਸ ਦੀ ਲਜ-ਪਤ ਆਪ ਦੇ ਹੀ ਸਪੁਰਦ ਹੈ, ਬਿਰਦ ਦੀ ਪੈਜ ਰਖਣੀ।" ਤੇ ਚਾਰਦ ਤਾਣ ਕੇ ਸੌਂ ਗਏ। ਓਦੋਂ ਚੋਰੀ ਤੇ ਰਾਹਜ਼ਨੀ ਬਹੁਤ ਹੁੰਦੀ ਸੀ । ਚੋਰ ਨਾਲ ਨਾਲ ਹੀ ਲਗੇ ਰਹਿੰਦੇ ਸਨ ਕਿ ਕਦ ਦਾਅ ਲਗੇ । ਜਾਂ ਉਨ੍ਹਾਂ ਵੇਖਿਆ ਕਿ ਪਹਿਰੇਦਾਰ ਸੌਂ ਗਿਆ ਹੈ ਤਾਂ ਘੇਰੇ ਦੇ ਅੰਦਰ ਆ ਵੜੇ, ਮਾਲ ਦੀਆਂ ਪੰਡਾਂ ਬੰਨ੍ਹ ਕੇ ਸਿਰਾਂ ਤੇ ਰਖ ਲਈਆਂ ਤੇ ਬਾਹਰ ਜਾਣ ਲਈ ਰਾਹ ਲਭਣ ਲਗੇ । ਜਿਧਰ ਜਾਣ ਅਗੋਂ ਕੰਧਾਂ ਨਾਲ ਸਿਰ ਵਜਣ ਤੇ ਰਾਹ ਲਭੇ ਕੋਈ ਨਾ। ਹੈਰਾਨ ਪਰੇਸ਼ਾਨ ਕਿ ਕਿਸ ਜਾਦੂ-ਜਾਲ ਵਿਚ ਫਸ ਗਏ। ਅੱਕ ਕੇ ਬੈਠ ਗਏ । ਜਾਂ ਦਿਨ ਚੜ੍ਹਿਆ ਤਾਂ ਸਾਰਿਆਂ ਵੇਖਿਆ ਕਿ ਚੋਰਾਂ ਮਾਲ ਦੀਆਂ ਪੰਡਾਂ ਬਧੀਆਂ ਹੋਈਆਂ

੧. ਰਾਮ ਦੀ ਰਾਖੀ ਵਾਲੀ ਲਕੀਰ । ੨. ਦਾਰੂ । ੩. ਪੀੜਾ।



www.AKJ.Org

ਹਨ ਤੇ ਦੁਆਲੇ ਬੈਠੇ ਹਨ। ਉਨ੍ਹਾਂ ਨੂੰ ਫੜ ਕੇ ਜਦ ਸਰਦਾਰ ਕੋਲ ਲੈ ਕੇ ਗਏ ਤਾਂ ਸਰਦਾਰ ਨੇ ਪੁਛਿਆ ਕਿ ਜਦ ਤੁਸਾਂ ਪੰਡਾਂ ਬੰਨ੍ਹ ਲਈਆਂ ਸਨ ਤਾਂ ਲੈ ਕਿਉਂ ਨਾ ਗਏ? ਉਨ੍ਹਾਂ ਉਤਰ ਦਿਤਾ, "ਜਿਧਰ ਜਾਂਦੇ ਸਾਂ, ਕੰਧਾਂ ਨਾਲ ਸਿਰ ਵਜਦਾ ਸੀ। ਨਿਕਲਣ ਨੂੰ ਰਾਹ ਕੋਈ ਨਹੀਂ ਸੀ ਲਭਦਾ।" ਜਦ ਭਾਈ ਮੰਝ ਨੂੰ ਪੁਛਿਆ ਕਿ ਪਹਿਰੇਦਾਰਾ, ਤੂੰ ਦਸ ਇਹ ਕੀ ਗੱਲ ਹੈ? ਤੇਰੇ ਪਹਿਰੇ ਵਿਚ ਇਹ ਹੋਇਆ ਹੈ। ਕੀ ਤੂੰ ਇਨ੍ਹਾਂ ਨੂੰ ਅੰਦਰ ਆਉਂਦਿਆਂ ਨੂੰ ਨਹੀਂ ਵੇਖਿਆ?" ਮੰਝ ਨੇ ਉਤਰ ਦਿਤਾ, "ਮੈਂ ਤਾਂ ਅਧੀ ਰਾਤ ਤੋਂ ਸੌਂ ਗਿਆ ਸਾਂ, ਇਹ ਮੇਰੇ ਗੁਰੂ ਦੇ ਪਹਿਰੇ ਵਿਚ ਹੋਇਆ ਹੈ। ਉਸਦੀਆਂ ਓਹੋ ਹੀ ਜਾਣਦਾ ਹੈ।" ਸਰਦਾਰ ਨੇ ਕਿਹਾ, "ਚਲ ਭਈ ਸਿਖਾ, ਸਾਨੂੰ ਭੀ ਓਸ ਗੁਰੂ ਦੇ ਦਰਸ਼ਨ ਕਰਵਾ ਤੇ ਸਿਖ ਬਣਾ ਜਿਹੜਾ ਆਪਣੇ ਸਿਖਾਂ ਦੀ ਥਾਂ ਪਹਿਰੇ ਦਿੰਦਾ ਹੈ।" ਦਰਿਆ ਪਾਰ ਕਰ ਕੇ ਕਾਫ਼ਲਾ ਰਾਮਦਾਸ ਪੁਰ (ਅੰਮ੍ਰਿਤਸਰ) ਵਲ ਨੂੰ ਹੋ ਤੁਰਿਆ। ਨਗਰ ਦੇ ਬਾਹਰ ਪੜਾ ਕੀਤਾ। ਭਾਈ ਮੰਝ ਆਪਣੇ ਪੁਤਰ ਤੇ ਪਤਨੀ ਨੂੰ ਤੇ ਕਾਫ਼ਲੇ ਦੇ ਸਰਦਾਰ ਤੇ ਹੋਰ ਕਿੰਨੇ ਸਜਣਾਂ ਨੂੰ ਨਾਲ ਲੈ ਕੇ ਗੁਰੂ-ਦਰਬਾਰ ਵਿਚ ਪੁਜੇ ਤੇ ਗੁਰੂ-ਚਰਨਾਂ ਤੇ ਜਾ ਮਥਾ ਟਿਕਾਇਆ। ਗੁਰੂ ਜੀ ਨੇ ਸਿਰ ਚੁਕ ਕੇ ਛਾਤੀ ਨਾਲ ਲਾਇਆ ਤੇ ਪਿਠ ਤੇ ਥਾਪੀਆਂ ਦਿਤੀਆਂ। ਆਪਣੇ ਪਾਸ ਬਿਠਾ ਕੇ ਸਾਰੀ ਸੰਗਤ ਨੂੰ ਖੁਲ੍ਹੇ ਦਰਸ਼ਨ ਕਰਵਾਏ। ਕਾਫ਼ਲੇ ਦੇ ਸਰਦਾਰ ਨੇ ਕਿਹਾ, "ਮਹਾਰਾਜ, ਆਪਣੀ ਅਮਾਨਤ ਸੰਭਾਲੋ ਤੇ ਸਾਨੂੰ ਚਰਨਾਮ੍ਰਿਤ ਦੇ ਕੇ ਆਪਣੇ ਸਿਖ ਬਣਾਓ।" ਕਾਫ਼ਲੇ ਦੇ ਸਾਰੇ ਪ੍ਰਾਣੀ ਚਰਨਾਮ੍ਰਿਤ ਲੈ ਕੇ ਸਿਖ ਬਣੇ। ਉਪਰੰਤ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਕਾਫ਼ਲੇ ਵਾਲਿਆਂ ਦੇ ਪੰਦਰ੍ਹਾਂ ਸੌ ਰੁਪਏ ਮੋੜ ਦਿਓ। ਸਰਦਾਰ ਨੇ ਕਿਹਾ, "ਮਹਾਰਾਜ, ਤੇਰੇ ਸਿਖ ਤਾਂ ਆਪਾ ਤੇ ਸਾਰਾ ਪਰਵਾਰ ਵਾਰ ਦੇਂਦੇ ਹਨ, ਸਾਡੀ ਇਹ ਤੁਛ ਰਕਮ ਲੰਗਰ ਲਈ ਪ੍ਰਵਾਨ ਕਰੋ। ਸੰਗਤ ਨੇ ਰਜ ਰਜ ਕੇ ਪੁਗੇ ਹੋਏ ਸਿਖ ਦੇ ਦਰਸ਼ਨ ਕੀਤੇ।

ਉਸ ਦਿਨ ਤੋਂ ਭਾਈ ਮੰਝ ਨੇ ਲੰਗਰ ਲਈ ਲਾਗਲੇ ਜੰਗਲ ਵਿਚੋਂ ਲਕੜਾਂ ਲਿਆਣ ਦੀ ਸੇਵਾ ਸੰਭਾਲ ਲਈ। ਮੀਂਹ ਜਾਏ, ਝੱਖੜ ਜਾਏ, ਗਰਮੀ ਹੋਵੇ ਸਰਦੀ ਹੋਵੇ, ਭਾਈ ਮੰਝ ਇਸ ਸੇਵਾ ਨੂੰ ਅਟੁੱਟ ਨਿਭਾਉਂਦੇ ਰਹੇ। ਇਕ ਦਿਨ ਹਨੇਰੀ ਬਹੁਤ ਆਈ ਤੇ ਉਸ ਘੁਸਮੁਸੇ ਦੇ ਅੰਨ੍ਹੇਰੇ ਵਿਚ ਰਾਹ ਖੁੰਝ ਕੇ ਮੰਝ ਇਕ ਖੂਹ ਵਿਚ ਡਿਗ ਪਏ। ਸਿਰ ਤੇ ਲਕੜਾਂ ਦਾ ਗੱਠਾ ਸੀ। ਲਕ ਲਕ ਪਾਣੀ ਵਿਚ ਗੱਠਾ ਸਿਰ ਤੇ ਚੁੱਕੀ ਖੜੇ ਰਹੇ। ਗੁਰੂ ਜੀ ਨੂੰ ਜਦ ਪਤਾ ਲਗਾ ਕਿ ਹਨੇਰਾ ਬਹੁਤ ਹੋ ਗਿਆ ਹੈ ਤੇ ਭਾਈ ਮੰਝ ਅਜੇ ਤਕ ਨਹੀਂ ਆਇਆ ਤਾਂ ਉਹ ਕੁਝ ਸਿਖਾਂ ਨੂੰ ਨਾਲ ਲੈ ਕੇ ਭਾਲਣ ਚੜ੍ਹੇ। ਉਸ ਖੂਹ ਤੇ ਪਹੁੰਚੇ, ਅਵਾਜ਼ਾਂ ਮਾਰੀਆਂ ਅਤੇ ਕਿਹਾ ਕਿ ਰੱਸਾ ਖੂਹ ਵਿਚ ਲਮਕਾ ਰਹੇ ਹਾਂ, ਤੁਸੀਂ ਇਸ ਨੂੰ ਫੜ ਕੇ ਉਪਰ ਆ ਜਾਉ। ਤਾਂ ਭਾਈ ਮੰਝ ਜੀ ਬੋਲੇ, "ਪਾਤਸ਼ਾਹ, ਪਹਿਲਾਂ ਇਹ ਲਕੜਾਂ ਦਾ ਗੱਠਾ ਉਪਰ ਖਿਚ ਲਓ, ਕਿਧਰੇ ਗਿਲਾ ਨਾ ਹੋ ਜਾਵੇ।ਲੰਗਰ ਲਈ ਸੁਕੇ ਬਾਲਣ ਦੀ ਬਹੁਤ ਲੋੜ ਹੈ।" ਸੋ ਪਹਿਲਾਂ ਲਕੜਾਂ ਨੂੰ ਬਾਹਰ ਕਢਿਆ ਗਿਆ ਤੇ ਫੇਰ ਭਾਈ ਮੰਝ ਨੂੰ। ਅਗਲੇ ਦਿਨ ਦਰਬਾਰ ਵਿਚ ਸਦ ਕੇ ਸਤਿਗੁਰਾਂ ਨੇ ਭਾਈ ਮੰਝ ਨੂੰ ਘੁਟ ਕੇ ਛਾਤੀ ਨਾਲ ਲਾਇਆ ਤੇ ਮੁਖਾਰਬਿੰਦ ਤੋਂ ਇਹ ਵਾਕ ਨਿਕਲੇ—

'ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।
ਮੰਝ ਜਗਤ ਕਾ ਬੋਹਥਾ, ਜਗਾਂ ਲੰਘਣਹਾਰਾ।'

ਮੰਝ ਜੀ ਹੁਣ ਤੁਸੀਂ ਪੁਗ ਗਏ। ਸਿਰਫ ਸਿਮਰਨ ਕਰੋ ਤੇ ਸੇਵਾ ਨੌਜਵਾਨਾਂ ਲਈ ਛਡ ਦਿਓ।

ਭਾਈ ਗੁਰਦਾਸ ਜੀ ਹੱਥ ਜੋੜ ਕੇ ਸੰਗਤ ਨੂੰ ਸੰਬੋਧਨ ਕਰ ਕੇ ਬੋਲੇ, "**ਗੁਰਸਿਖ—ਭਵਜਲ ਅੰਦਰਿ ਬੋਹਿਥੈ, ਇਕਸ ਪਿਛੇ ਲਖ ਤਰੰਦੇ ॥**" ਫਿਰ ਗੁਰੂ ਜੀ ਨੂੰ ਸੰਬੋਧਨ ਕਰ ਕੇ ਬੋਲੇ—

"ਕਬਿਤ—[1]ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ, ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ॥ ਅਗਨ ਜਲਾਇ, ਫੁਨਿ ਪੀਸਨ ਪੀਸਾਇ ਤਾਂਹਿ, ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ ॥ ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਤਿ, ਤਾਹੂ ਤਾਹੂ ਮਾਰਗ ਮਹਿ ਭਸਮ ਕੋ

੧. ਪੈਰ ਦੇ ਨਹੁੰ ਤੋਂ ਸੀਸ ਤੱਕ।

[ਬਾਕੀ ਦੇਖੋ ਸਫਾ ੩੯ ਦੇ ਹੇਠ


www.AKJ.org

# ਫ਼ਿਲਮੀ ਸ਼ਿਕਾਰੀਆਂ ਦਾ ਸਿਖ ਧਰਮ ਉਤੇ ਇਕ ਹੋਰ ਹਮਲਾ

**ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ।**

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਇਸ ਭਾਵ ਦਾ ਇਕ ਗੁਰਮਤਾ ਪਾਸ ਕਰ ਚੁਕੀ ਹੈ ਕਿ –

"ਦਸ ਗੁਰੂ ਸਾਹਿਬਾਨ, ਉਹਨਾਂ ਦੇ ਮਹਿਲ, ਸਾਹਿਬਜ਼ਾਦੇ, ਸਾਹਿਬਜ਼ਾਦੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰਦਾ ਸਕਰੀਨ ਤੇ ਨਹੀ ਵਿਖਾਏ ਜਾ ਸਕਦੇ ।"

ਪਰ ਇਸ ਗੁਰਮਤੇ ਦੇ ਬਾਵਜੂਦ ਅਜ ਬਣ ਰਹੀਆਂ ਸਿਖ ਧਾਰਸਕ ਫ਼ਿਲਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸੇ ਤਰ੍ਹਾਂ ਪਰਦਾ ਸਕਰੀਨ ਤੇ ਵਿਖਾਇਆ ਗਿਆ ਹੈ ਜਿਵੇਂ ਹੋਰ ਐਕਟਰ ਤੇ ਐਕਟਰੈਸਾਂ, ਅਤੇ ਇਹ ਫ਼ਿਲਮਾਂ ਉਹਨਾਂ ਸਿਨੇਮਾਂ ਹਾਲਾਂ ਵਿਚ ਹੀ ਵਿਖਾਈਆਂ ਜਾਂਦੀਆਂ ਹਨ ਜਿਥੇ ਸਿਗਰਟਾਂ ਤੇ ਬੀੜੀਆਂ ਦੇ ਧੂੰਏ ਅਤੇ ਗਾਲੀ ਗਲੋਚ ਅਤੇ ਬਦਤਮੀਜ਼ੀ ਵਾਲਾ ਵਾਤਾਵਰਣ ਹੁੰਦਾ ਹੈ ।

ਇਥੇ ਹੀ ਬਸ ਨਹੀਂ ਸ਼੍ਰੋ: ਗੁ: ਪ੍ਰ: ਕਮੇਟੀ ਨੇ ਹੁਣ ਸਿਧੇ ਤੋਰ ਤੇ 'ਗੁਰੂ ਮਾਨਿਓ ਗ੍ਰੰਥ' ਨਾਮੀ ਫ਼ਿਲਮ ਬਣਾਉਣ ਦੀ ਆਗਿਆ ਦੇ ਦਿਤੀ ਹੈ, ਅਤੇ ਇਸ ਫ਼ਿਲਮ ਦੇ ਮਹੂਰਤ ਦੀ ਰਸਮ ੮ ਮਈ ਨੂੰ ਬੰਬਈ ਵਿਖੇ ਅਦਾ ਕੀਤੀ ਜਾ ਚੁਕੀ ਹੈ । ਇਸ ਅਵਸਰ ਤੇ ਫ਼ਿਲਮੀ ਜਗਤ ਦੇ ਵਿਅਕਤੀਆਂ ਤੋਂ ਇਲਾਵਾ ਸ੍ਰੀ ਗੁਰੂ ਸਿੰਘ ਸਭਾ ਬੰਬਈ ਦੇ ਪ੍ਰਤੀਨਿਧ ਭੀ ਮੌਜੂਦ ਸਨ ਅਤੇ ਪੰਜਾਬ ਦੇ ਮੁਖ ਪਾਰਲੀਮੈਂਟਰੀ ਸਕੱਤਰ ਸ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਉਚੇਚੇ ਤੋਰ ਤੇ ਉਥੇ ਪੁਜੇ ਸਨ ।

ਹੁਣ ਇਸ ਗਲ ਵਿਚ ਕੋਈ ਸ਼ਕ ਨਹੀਂ ਰਿਹਾ ਕਿ 'ਗੁਰੂ ਮਾਨਿਓ ਗ੍ਰੰਥ' ਨਾਮੀ ਫਿਲਮ ਦੀ ਸ਼ੂਟਿੰਗ ਹੋਵੇਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਨ੍ਹਾਂ ਨੂੰ ਅਸੀਂ ਜਾਗਦੀ ਜੋਤ ਤੇ ਦਸ ਗੁਰੂ ਸਾਹਿਬਾਂ ਦਾ ਪ੍ਰਤੱਖ ਸਰੂਪ ਮੰਨਦੇ ਹਾਂ, ਉਹਨਾਂ ਨੂੰ ਫਿਲਮਾਇਆ ਜਾਏਗਾ ਅਤੇ ਪਰਦਾ ਸਕਰੀਨ ਤੇ ਲਿਆਂਦਾ ਜਾਏਗਾ । ਸਾਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਫ਼ਿਲਮ ਦੀ ਕਹਾਣੀ ਕੀ ਹੈ ? ਚੰਗੀ ਜਾਂ ਮੰਦੀ ਹੈ । ਅਸਾਂ ਕੇਵਲ ਇਸ ਗੱਲ ਤੇ ਵੀਚਾਰ ਕਰਨੀ ਹੈ ਕਿ ਜਦੋਂ ਸ਼੍ਰੋ: ਗੁ: ਪ੍ਰ: ਕਮੇਟੀ ਉਪ੍ਰੋਕਤ ਮਤਾ ਪਾਸ ਕਰ ਚੁਕੀ ਹੈ ਤਾਂ ਫੇਰ ਇਹ ਫ਼ਿਲਮ ਬਾਣਉਣ ਦੀ ਕਿਉਂ ਪ੍ਰਵਾਨਗੀ ਦਿਤੀ ਗਈ ਅਤੇ ਕੀ ਸਿਖ ਇਸ ਫ਼ਿਲਮ ਨੂੰ ਭੀ ਬਰਦਾਸ਼ਤ ਕਰ ਲੈਣਗੇ ?

ਇਹ ਇਕ ਬੜਾ ਮਹੱਤਵ ਪੂਰਨ ਮਸਲਾ ਹੈ । ਜਿਹੜੇ ਲੋਕ ਕੁਰਾਨ, ਬਾਈਬਲ ਜਾਂ ਗੀਤਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਤੁਲਨਾ ਕਰਦੇ ਹਨ, ਉਹ ਬੜੀ ਭੁੱਲ ਦੇ ਸ਼ਿਕਾਰ ਹਨ, ਕਿਉਂਕਿ ਕੁਰਾਨ, ਬਾਈਬਲ ਤੇ ਗੀਤਾ ਤਾਂ ਧਾਰਮਕ ਪੁਸਤਕਾਂ ਵਜੋਂ ਸਤਿਕਾਰੀਆਂ ਜਾਂਦੀਆਂ ਹਨ, ਪਰ ਸਿਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਮੰਨ ਕੇ ਪੂਜਦੀ ਹੈ, ਸਤਿਕਾਰਦੀ ਹੈ ਅਤੇ ਆਪਣਾ ਸਿਰ ਝੁਕਾਂਦੀ ਹੈ । ਦੁਨੀਆ ਦੀ ਕਿਸੇ ਹੋਰ ਪੁਸਤਕ ਨੂੰ ਇਹ ਵਿਲਖਣਤਾ ਜਾਂ ਦਰਜਾ ਪ੍ਰਾਪਤ ਨਹੀਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦੇ ਕੇ ਸਾਰੀ ਸਿਖ ਕੌਮ ਨੂੰ ਇਹਨਾਂ ਦੇ ਲੜ ਲਾਇਆ ਹੈ ।

ਪਰ ਹੁਣ ਸ਼੍ਰੋ: ਗੁ: ਪ੍ਰ: ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦਾ ਖ਼ਿਆਲ ਛਡ ਕੇ ਆਪਣਾ ਪਾਸ ਕੀਤਾ ਗੁਰਮਤਾ ਘੋਲ ਕੇ ਪੀ ਲਿਆ ਹੈ ਅਤੇ ਆਪਣਾ ਬਹੁਮੁਲਾ ਧਾਰਮਕ ਵਿਰਸਾ ਬਾਜ਼ਾਰੀ ਐਕਟਰਾਂ ਤੇ ਫ਼ਿਲਮੀ ਡਾਇਰੈਕਟਰਾਂ ਦੇ ਹਵਾਲੇ ਕਰ ਦਿਤਾ ਹੈ । ਆਪਣੇ ਪੀਰਾਂ ਪੈਗੰਬਰਾਂ ਦਾ ਸਤਿਕਾਰ ਕਰਨਾ ਕੋਈ ਮੁਸਲਮਾਨ ਕੌਮ ਤੋਂ ਸਿਖੇ, ਜਿਸ ਨੇ ਅਜ ਤਕ ਆਪਣੀ ਕੋਈ ਧਾਰਮਕ ਫ਼ਿਲਮ ਨਹੀਂ ਬਣਨ ਦਿਤੀ ਅਤੇ ਨਾ ਕਿਸੇ ਨੂੰ ਬਣਾਉਣ ਦੀ ਜੁਰਅਤ ਹੋਈ ਹੈ ।

ਇਸ ਫ਼ਿਲਮ ਦੀ ਪ੍ਰਵਾਨਗੀ ਦਿਤੇ ਜਾਣ ਤੇ ਪੰਥ ਵਿਚ ਸਭ ਤੋਂ ਵਧ ਵਿਰੋਧਤਾ ਧਰਮ ਪ੍ਰਚਾਰ ਅਤੇ ਅਖੰਡ ਕੀਰਤਨ ਕਰਨ ਵਾਲੀ ਸੰਸਥਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਨੇ ਕੀਤੀ । ਜਲੰਧਰ ਵਿਖੇ ਪਿਛਲੇ ਸਾਲ ਸ੍ਰੀ ਗੁਰੂ ਨਾਨਕ



www.AKJ.Org

ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਉਤਸ਼ਵ ਦੇ ਸਲਾਨਾ ਸਮਾਗਮ ਵਿਚ ਸਿਖ ਫ਼ਿਲਮਾਂ ਵਿਰੁਧ ਗੁਰਮਤਾ ਪਾਸ ਕਰ ਕੇ 'ਗੁਰੂ ਮਾਨਿਉ ਗ੍ਰੰਥ' ਫਿਲਮ ਬਾਰੇ ਸਖ਼ਤ ਰੋਸ ਦਾ ਪ੍ਰਗਟਾਵਾ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਟ੍ਰਸਟ ਮਿਸ਼ਨ ਅੰਬਾਲਾ ਛਾਉਣੀ ਨੇ ਤਾਂ ਫਿਲਮ ਕੰਪਨੀ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਚਿਤਾਵਨੀ ਦਿਤੀ ਸੀ। ਇਸੇ ਤਰ੍ਹਾਂ ਹੋਰ ਕਈ ਧਾਰਮਕ ਸਿਖ ਜਥੇਬੰਦੀਆਂ ਨੇ ਗੁਰਮਤੇ ਪਾਸ ਕੀਤੇ, ਪਰ ਇਸ ਦੀ ਵਿਰੋਧਤਾ ਦਾ ਅਸਰ ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਤੇ ਸ਼ਤਾਬਦੀ ਕਮੇਟੀ ਤੇ ਕੋਈ ਨਹੀਂ ਹੋਇਆ। ਫ਼ਿਲਸ ਕੰਪਨੀ ਨੇ ਉਕਤ ਤਿੰਨੇ ਜਥੇਬੰਦੀਆਂ ਦੀ ਸ਼ਹਿ ਤੇ ਫ਼ਿਲਮ ਦੀ ਤਿਆਰੀ ਸ਼ੁਰੂ ਕਰ ਦਿਤੀ ਹੈ। ਜੇਕਰ ਨਿਰਾ ਫ਼ਿਲਮ ਕੰਪਨੀ ਦੀ ਗੱਲ ਹੁੰਦੀ ਤਾਂ ਉਹ ਕਦੋ ਦੀ ਵੀ ਇਸ ਦੀ ਵਿਰੋਧਤਾ ਦੇ ਭੈ ਹੇਠ ਫ਼ਿਲਮ ਤਿਆਰ ਕਰਨ ਦਾ ਖ਼ਿਆਲ ਹੀ ਛਡ ਗਈ ਹੁੰਦੀ। ਜਾਪਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਦੀ ਆੜ ਵਿਚ ਫ਼ਿਲਮ ਕੰਪਨੀਆਂ ਨਾਲ ਅੰਦਰੋ ਅੰਦਰੀ ਕੋਈ ਗਠ-ਜੋੜ ਕੀਤਾ ਹੋਇਆ ਹੈ, ਕਿਉਂਕਿ ਇਕ ਫ਼ਿਲਮ ਤੋਂ ਪਿਛੋਂ ਵਾਰੋ ਵਾਰੀ ਕਈ ਨਾਵਾਂ ਹੇਠ ਤੁਰੀਆਂ ਆ ਰਹੀਆਂ ਹਨ। ਸ਼੍ਰੋਮਣੀ ਕਮੇਟੀ ਸਿਖਾਂ ਦੀ ਸਭ ਤੋਂ ਵਡੀ ਧਾਰਮਕ ਜਥੇਬੰਦੀ ਹੈ। ਉਸ ਦੇ ਪ੍ਰਬੰਧਕਾਂ ਦਾ ਅਕੀਦਾ ਤੇ ਮਿਆਰ ਇਤਨੇ ਘਟੀਆ ਦਰਜੇ ਦਾ ਹੋ ਗਿਆ ਹੈ ਕਿ **ਉਹ ਆਪਣੇ ਇਸ਼ਟ ਜੁਗੋ ਜੁਗ ਅਟੱਲ ਗੁਰ-ਗਦੀ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰਖਣ ਲਈ ਤਿਆਰ ਨਹੀਂ**। ਆਪਣੇ ਕੀਤੇ ਫ਼ੈਸਲੇ ਦੀ ਆਪ ਹੀ ਉਲੰਘਣਾ ਕਰ ਰਹੇ ਹਨ।

ਇਸ ਵੇਲੇ ਦੇ ਧਾਰਮਕ ਆਗੂ, ਸਿੰਘ ਸਾਹਿਬ ਦੀਆਂ ਪਦਵੀਆਂ ਤੇ ਬਿਰਾਜਮਾਨ ਸਜਨ, ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਮੁਖੀ, ਪੰਥ ਦੇ ਪ੍ਰਤਿਸ਼ਟ ਸਜਣ ਅਤੇ ਅਨੇਕਾਂ ਸਾਧ ਸੰਤ ਚੁਪ ਸਾਧ ਕੇ ਬੈਠੇ ਹੋਏ ਹਨ। ਅਸੀਂ ਇਹਨਾਂ ਸੰਸਥਾਵਾਂ ਦੇ ਮੁਖੀਆਂ ਪਾਸੋਂ ਬੜੀ ਨਿਮਰਤਾ ਸਹਿਤ ਪੁਛਣਾ ਚਾਹੁੰਦੇ ਹਾਂ ਕਿ ਜੇਕਰ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹੀ ਕਾਇਮ ਨਹੀਂ ਰਖ ਸਕਦੇ ਤਾਂ ਹੋਰ ਸਿਖ ਮਰਯਾਦਾ ਪ੍ਰਚਾਰ ਕਿਵੇਂ ਕਰ ਸਕੋਗੇ? ਆਸ ਹੈ ਕਿ ਸ਼ਤਾਬ[ਦੀ] ਕਮੇਟੀ ਦੇ ਕਰਤਾ ਧਰਤਾ ਗਿਆਨੀ ਜੀ, ਜੋ ਪੁਰਾਣੇ ਪ[ੰਥ] ਸੇਵਕ ਵਿਦਵਾਨ, ਇਤਿਹਾਸਕ-ਖੋਜੀ ਤੇ ਲੇਖਕ ਵੀ ਹ[ਨ], ਇਸ ਪ੍ਰਸ਼ਨ ਦਾ ਉਤਰ ਦੇਣ ਦੀ ਖੇਚਲ ਕਰਨਗੇ।

## ਮੁਸਲਮਾਨ ਤੇ ਫ਼ਿਲਮ—

ਬੈਰੂਤ ਦੀ ਇਕ ਖ਼ਬਰ ਅਨੁਸਾਰ ਸਾਉਦੀ ਅਰਬ ਦੀ ਸਰਕਾਰ ਨੇ ਇਕ ਫ਼ਰਾਂਸੀਸੀ ਕੰਪਨੀ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਫਿਲਮ ਬਣਾਉਣ ਦੀ ਸਖ਼ਤ ਮਨਾਹੀ ਕਰ ਦਿਤੀ ਹੈ।

ਸਾਉਦੀ ਅਰਬ ਦੇ ਸ਼ਾਹ ਫੈਸਲ, ਮਰਾਕੋ ਦੇ ਸ਼ਾਹ ਹਸਨ ਨੇ ਇਹਨਾਂ ਖ਼ਬਰਾਂ ਦਾ ਖੰਡਨ ਕੀਤਾ ਹੈ ਕਿ ਉਹਨਾਂ ਨੇ ਫਿਲਮ ਬਣਾਣ ਬਾਰੇ ਕਿਸੇ ਸੰਸਥਾ ਦੀ ਸਰਪ੍ਰਸਤੀ ਪ੍ਰਵਾਨ ਕਰ ਲਈ ਹੈ। ਸਾਉਦੀ ਅਰਬ ਦੀ ਸਰਕਾਰ ਨੇ ਇਹ ਸਪਸ਼ਟ ਕੀਤਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੀ ਕੋਈ ਫ਼ਿਲਮ ਬਣਾਣ ਦਾ ਪ੍ਰਸ਼ਨ ਹੀ ਨਹੀਂ ਉਠਦਾ।

ਇਸਲਾਮ ਵਿਚ ਹਜ਼ਰਤ ਮੁਹੰਮਦ ਸਾਹਿਬ ਜਾਂ ਹੋਰ ਕਿਸੇ ਪੈਗੰਬਰ ਜਾਂ ਔਲੀਆ ਦੀ ਕੋਈ ਤਸਵੀਰ ਨਹੀਂ ਮਿਲਦੀ, ਇਸਲਾਮ ਤਸਵੀਰਾਂ ਦੇ ਸਖ਼ਤ ਵਿਰੁੱਧ ਹੈ। ਇਸ ਵਾਸਤੇ ਅਜ ਤਕ ਕਿਸੇ ਫ਼ਿਲਮ ਕੰਪਨੀ ਨੂੰ ਮੁਸਲਮਾਨਾਂ ਦੀ ਧਾਰਮਕ ਫ਼ਿਕਮ ਬਣਾਣ ਦਾ ਹੀਆ ਨਹੀਂ ਪਿਆ।

ਦੂਸਰੇ ਪਾਸੇ ਸਾਡੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਿਖ ਲੀਡਰਾਂ ਦੀ ਹਾਲਤ ਵੇਖੋ, ਆਪਣੇ ਸੁਆਰਥਾਂ ਲਈ ਸਾਰਾ ਸਿਖ ਇਤਿਹਾਸ, ਸਿਖ ਸਦਾਚਾਰ ਅਤੇ ਸਿਖ ਮਰਯਾਦਾ ਫਿਲਮ-ਕੰਪਨੀਆਂ ਨੂੰ ਸੌਂਪ ਦਿਤੀ ਹੈ। ਉਹ ਜਿਸ ਤਰ੍ਹਾਂ ਚਾਹੁਣ, ਤੋੜ ਮਰੋੜ ਕੇ ਪੇਸ਼ ਕਰ ਰਹੀਆਂ ਹਨ। ਇਥੋਂ ਤੀਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੀ ਪਰਦਾ ਸਕਰੀਨ ਤੇ ਵਿਖਾ ਕੇ ਅਨਰਥ ਕੀਤਾ ਜਾ ਰਿਹਾ ਹੈ। ਕੀ ਸਾਡੇ ਆਗੂਆਂ ਦੀ ਗ਼ੈਰਤ ਮਰ ਚੁਕੀ ਹੈ?

('ਗੁਰਮਤਿ ਵੀਚਾਰ ਪੱਤ੍ਰਕਾ' ਵਿਚੋਂ)

www.AKJ.Org

# ਹਰਦੁਆਰ ਛਡਿਆ ਤਾਂ ਕੀਰਤਪੁਰ ਸਾਹਿਬ ਕਿਉਂ ?

[ ਵਲੋਂ—ਡੀ. ਐਸ. ਲਾਇਲਪੁਰੀ ]

ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਦਾ ਉਧਾਰ ਕਰਦੇ ਜਦੋਂ ਹਰਦਵਾਰ ਜਾ ਪਹੁੰਚੇ ਤਾਂ ਉਹਨਾਂ ਨੇ ਉਥੇ ਵੇਖਿਆ ਕਿ ਅਨੇਕਾਂ ਲੋਕ ਗੰਗਾ ਦੇ ਪਾਣੀ ਵਿਚ ਖੜੇ ਹੋ ਕੇ ਪਾਣੀ ਦੀਆਂ ਬੁਕਾਂ ਭਰ ਭਰ ਪੂਰਬ ਵਲ ਉਛਾਲਦੇ ਤੇ ਓਹੋ ਪਾਣੀ ਮੁੜ ਗੰਗਾ ਦੀਆਂ ਲਹਿਰਾਂ ਵਿਚ ਸਮਾ ਜਾਂਦਾ। ਗੁਰੂ ਸਾਹਿਬ ਕੁਝ ਚਿਰ ਤਾਂ ਇਹ ਦੇਖਦੇ ਰਹੇ। ਫੇਰ ਉਹਨਾਂ ਪੁਛਿਆ, ਭਲਿਓ ਲੋਕੋ, ਇਹ ਤੁਸੀਂ ਕੀ ਕਰ ਰਹੇ ਹੋ ? ਲੋਕਾਂ ਨੇ ਦਸਿਆ ਕਿ ਉਹ ਆਪਣੇ ਮੋਏ ਪਿਤਰਾਂ ਨੂੰ ਪਾਣੀ ਦੇ ਰਹੇ ਹਨ, ਤਾਂ ਕਿ ਅਗਲੀ ਦੁਨੀਆ ਵਿਚ ਪਾਣੀ ਪਹੁੰਚ ਜਾਏ ਅਤੇ ਉਹਨਾਂ ਦਾ ਜੀਵਨ ਠੰਡਾ ਤੇ ਸੁਖਾਲਾ ਹੋ ਸਕੇ।

ਗੁਰੂ ਸਾਹਿਬ ਇਹ ਸੁਣ ਕੇ ਮੁਸਕਰਾਏ । ਕੁਝ ਚਿਰ ਮਗਨ ਰਹੇ। ਫਿਰ ਝਟ ਪਾਣੀ ਵਿਚ ਉਤਰ ਕੇ ਪਛਮ ਵਲ ਪਾਣੀ ਦੀਆਂ ਬੁਕਾਂ ਭਰ ਭਰ ਕੇ ਸੁਟਣੀਆਂ ਸ਼ੁਰੂ ਕਰ ਦਿਤੀਆਂ। ਗੁਰੂ ਸਾਹਿਬ ਦਾ ਇਹ ਨਿਰਾਲਾ ਕੌਤਕ ਦੇਖ ਕੇ ਸੈਂਕੜੇ ਲੋਕ ਉਥੇ ਜਮ੍ਹਾ ਹੋ ਗਏ ਤੇ ਗੁਰੂ ਸਾਹਿਬ ਨੂੰ ਪੁਛਿਆ, ਤੁਸੀਂ ਇਹ ਉਲਟੇ ਪਾਸੇ ਪਾਣੀ ਕਿਉਂ ਦੇ ਰਹੇ ਹੋ ? ਇਸ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਸਹਿਜ ਸੁਭਾ ਕਿਹਾ ਕਿ ਉਹ ਕਰਤਾਰਪੁਰ ਵਿਚ ਆਪਣੀਆਂ ਖੇਤੀਆਂ ਨੂੰ ਪਾਣੀ ਦੇ ਰਹੇ ਹਨ ਤਾਂਕਿ ਹਰੀਆਂ ਰਹਿਣ। ਲੋਕਾਂ ਨੂੰ ਇਹ ਗੱਲ ਬੜੀ ਅਜੀਬ ਲਗੀ ਤੇ ਕਹਿਣ ਲਗੇ ਕਿ ਸੈਂਕੜੇ ਮੀਲ ਕਰਤਾਰਪੁਰ ਵਿਚ ਤੁਹਾਡੀ ਖੇਤੀ ਨੂੰ ਇਥੋਂ ਦਿਤਾ ਪਾਣੀ ਕਿਸ ਤਰ੍ਹਾਂ ਪਹੁੰਚ ਜਾਏਗਾ। ਇਹ ਕਦੇ ਨਹੀਂ ਹੋ ਸਕਦਾ । ਗੁਰੂ ਸਾਹਿਬ ਨੇ ਕਿਹਾ, ਜੇ ਤੁਹਾਡਾ ਦਿਤਾ ਪਾਣੀ ਲਖਾਂ ਕਰੋੜਾਂ ਮੀਲ, ਅਣਜਾਣੀ ਥਾਂ ਤੇ ਗਏ ਪਿਤਰਾਂ ਨੂੰ ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਕਰਤਾਰਪੁਰ ਤਕ ਕਿਉਂ ਨਹੀਂ ਪਹੁੰਚੇਗਾ ? ਇਹ ਰਮਜ਼ ਭਰਿਆ ਉਤਰ ਸੁਣ ਕੇ ਸਾਰੇ ਲੋਕੀ ਲਾਜਵਾਬ ਹੋ ਗਏ ਅਤੇ ਸਚਾਈ ਅਗੇ ਸਿਰ ਨਿਵਾ ਦਿਤਾ।

ਗੁਰੂ ਸਾਹਿਬ ਦਾ ਮੰਤਵ ਲੋਕਾਂ ਨੂੰ ਝੂਠੇ ਭਰਮਾਂ ਤੇ ਵਹਿਮਾਂ ਦੇ ਜਾਲ ਵਿਚੋਂ ਕਢ ਕੇ ਸਚਾਈ ਦੇ ਲੜ ਲਗਾਣਾ ਸੀ। ਦਸਵੇਂ ਗੁਰੂ ਜੀ ਨੇ ਖ਼ਾਲਸਾ ਸਜਾ ਕੇ ਸਾਰੀ ਨੁਹਾਰ ਹੀ ਬਦਲ ਦਿਤੀ ਅਤੇ ਹੁਕਮ ਕੀਤਾ ਕਿ :—

'ਜਬ ਲਗ ਰਹੇ ਖਾਲਸਾ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

---

[ਸਫ਼ਾ ੩੫ ਦੀ ਬਾਕੀ]

ਡਾਰੀਐ ॥ ਤਿਹ ਪਦ[2] ਪਾਦਕ[3] ਚਰਨ ਲਿਵ ਲਾਗੀ ਰਹੈ, ਦਯਾ ਕੇ ਦਯਾਲ ਮੋਹਿ ਪਤਿਤ ਉਧਾਰੀਐ॥

'ਮੁਰਦਾ ਹੋਇ ਮੁਰੀਦ......ਪੁਗ ਖਲੋਵਣਾ ॥'

ਭਾਈ ਮੰਝ ਚੌਧਰੀ ਤੋਂ ਮਹੱਤਮ (ਵਾਣ ਵਟਣ ਵਾਲਾ), ਮਹੱਤਮ ਤੋਂ ਗੋਲਾ ਤੇ ਚੌਕੀਦਾਰ ਤੇ ਫੇਰ ਲਕੜਹਾਰਾ ਬਣ ਕੇ ਪੁਗਾ ਸੀ ਤੇ ਫੇਰ ਗੁਰੂ ਮਹਾਰਾਜ ਤੋਂ ਜਗਤ ਦਾ ਬੋਹਿਥਾ (ਬੇੜਾ) ਹੋਣ ਦਾ ਵਰ ਪ੍ਰਾਪਤ ਕੀਤਾ ਸੀ । ਲਕੜ ਦੀ ਬੇੜੀ ਵੀ ਦਰੱਖ਼ਤ ਤੋਂ ਆਰੇ ਨਾਲ ਕੱਟ ਕੇ ਤੇ ਚੀਰ ਕੇ ਫੇਰ ਛਾਤੀ ਵਿਚ ਕਿਲ ਠੁਕਵਾ ਕੇ ਨਦੀ ਪਾਰ ਕਰਨ ਜੋਗੀ ਬਣਦੀ ਹੈ। ਤੇ ਅਜ ਕਲ ਦੇ ਬਨਾਉਟੀ ਸੰਤ, ਮਹਾਂਪੁਰਸ਼ ਤੇ ਸਤਗੁਰੂ ਸੋਨੇ ਤੇ ਨੋਟਾਂ ਨਾਲ ਤੁਲ ਕੇ, ਵਡਿਆਂ ਸ਼ਹਿਰਾਂ ਵਿਚ ਏਅਰ-ਕੰਡੀਸ਼ਨ ਕੋਠੀਆਂ ਤੇ ਲਖਾਂ ਦੀਆਂ ਜਾਇਦਾਦਾਂ ਬਣਾ ਕੇ ਬੁਧੂ ਲੋਕਾਂ ਦੇ ਬੇੜੇ ਪਾਰ ਕਰਦੇ ਹਨ, ਨਾ ਸਚ ਡੋਬਦੇ ਹਨ, ਤੇ ਹਟਕਣ ਵਾਲਾ ਕੋਈ ਨਹੀਂ ਤੇ ਨ ਕੋਈ ਪੁਛਣ ਵਾਲਾ* ।

੨. ਚਰਨ। ੩. ਚਲਣ ਵਾਲੇ।

*ਇਹ ਸਾਖੀ ਲੇਖਕ ਨ ਕਿਸੇ ਦੀਵਾਨ ਵਿਚ ਪੁਰਾਣੇ ਭਟਾਂ ਤੋਂ ਸ੍ਰਵਣ ਕਰ ਕੇ ਅੰਕਿਤ ਕੀਤੀ ਹੈ, ਜੋ ਭੱਟਾਂ ਨੂੰ ਪੁਸ਼ਤ-ਦਰ-ਪੁਸ਼ਤ ਹਿਰਦ-ਸੁਹਿਰਦ ਪ੍ਰਾਪਤ ਹੁੰਦੀ ਆਈ ਸੀ।



www.AKJ.Org

ਪਰ ਅਜ ਸਿਖ ਮਤ ਅਤੇ ਬ੍ਰਾਹਮਣ ਮਤ ਵਿਚ ਕੋਈ ਫ਼ਰਕ ਨਹੀਂ ਵਿਖਾਈ ਦੇਂਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਮ ਸਮੇਂ ਹੁਕਮ ਦਿਤਾ ਸੀ ਕਿ ਉਹਨਾਂ ਦਾ ਅੰਗੀਠਾ ਨ ਫਰੋਲਿਆ ਜਾਏ ਅਤੇ ਨ ਕੋਈ ਯਾਦਗਾਰ ਬਣਾਈ ਜਾਏ।

ਇਸ ਪਿਛੋਂ ਸਿਖ ਪੰਥ ਵਿਚ ਇਹੋ ਮਰਯਾਦਾ ਚਲਦੀ ਰਹੀ। ਮ੍ਰਿਤਕ ਪ੍ਰਾਣੀ ਦਾ ਅੰਤਮ ਸੰਸਕਾਰ ਕਰਨ ਪਿਛੋਂ ਸਾਰਾ ਅੰਗੀਠਾ ਸੰਭਾਲ ਕੇ ਜਲ-ਪ੍ਰਵਾਹ ਕਰ ਦਿਤਾ ਜਾਂਦਾ। ਲਸੀ ਪਾਉਣੀ ਜਾਂ ਫੁਲ ਚੁਗਣੇ ਆਦਿ ਮਨਮਤ ਕਰਾਰ ਦੇ ਦਿਤਾ ਗਿਆ। ਪਰ ਕੁਝ ਸਮੇਂ ਪਿਛੋਂ ਬ੍ਰਾਹਮਣ ਮਤ ਦਾ ਜ਼ੋਰ ਵਧ ਗਿਆ ਅਤੇ ਸਿਖਾਂ ਨੇ ਵੀ ਮ੍ਰਿਤਕ ਦੇ ਫੁਲ ਚੁਣ ਕੇ ਹਰਦਵਾਰ ਲਿਜਾ ਗੰਗਾ ਵਿਚ ਜਲ-ਪ੍ਰਵਾਹ ਕਰਨ ਦੀ ਰਸਮ ਫੜ ਲਈ।

ਸਾਲ ੧੮੭੩ ਵਿਚ ਜਦੋਂ ਸਿੰਘ ਸਭਾ ਲਹਿਰ ਸ਼ੁਰੂ ਹੋਈ ਤਾਂ ਗੁਰ-ਮਰਯਾਦਾ ਦਾ ਜ਼ੋਰ ਵਧਿਆ ਅਤੇ ਬ੍ਰਾਹਮਣ ਰਹੁ-ਰੀਤ ਵਿਰੁਧ ਜਹਾਦ ਖੜਾ ਹੋਇਆ। ਰਸਮਾਂ ਰੀਤਾਂ ਦੇ ਰੰਗ ਬਦਲ ਗਏ। ਇਸ ਦੌਰਾਨ ਸਿਖਾਂ ਨੇ ਹਰਦਵਾਰ ਦਾ ਬਦਲ ਕੀਰਤਪੁਰ ਸਾਹਿਬ (ਪਾਤਾਲ-ਪੁਰੀ) ਲਭ ਲਿਆ। ਕਈ ਸਿਖ ਤਾਂ ਮ੍ਰਿਤਕ ਸਰੀਰ ਦਾ ਸਾਰਾ ਅੰਗੀਠਾ ਸੰਭਾਲ ਕੇ ਕੀਰਤਪੁਰ ਸਾਹਿਬ ਲੈ ਜਾਂਦੇ ਅਤੇ ਕਈ ਫੁਲ ਚੁਣ ਕੇ ਉਥੇ ਜਲ-ਪ੍ਰਵਾਹ ਕਰਦੇ! ਇਹ ਭੀ ਮਨਮਤ ਹੈ।

ਪਾਤਾਲਪੁਰੀ (ਕੀਰਤਪੁਰ ਸਾਹਿਬ) ਇਕ ਪਵਿਤਰ ਅਸਥਾਨ ਹੈ। ਉਥੇ ਸਤਲੁਜ ਦਰਿਆ ਵਗਦਾ ਹੈ। ਇਹੋ ਦਰਿਆ ਲੁਧਿਆਣੇ ਦੇ ਨੇੜੇ ਹੈ। ਹੁਣ ਪ੍ਰਸ਼ਨ ਇਹ ਹੈ ਕਿ ਅੰਮ੍ਰਿਤਸਰ ਵਾਲੇ ਦਰਿਆ ਬਿਆਸ ਛਡ ਕੇ, ਜਲੰਧਰ ਤੇ ਲੁਧਿਆਣੇ ਵਾਲੇ ਰਸਤੇ ਵਿਚ ਉਹੋ ਸਤਲੁਤ ਦਰਿਆ ਛਡ ਕੇ ਅਤੇ ਫੀਰੋਜ਼ਪੁਰ ਤੇ ਮੋਗੇ ਦੇ ਇਲਾਕੇ ਵਾਲੇ ਲੋਕ ਆਪਣੇ ਨੇੜੇ ਸਤਲੁਜ ਨੂੰ ਛਡ ਕੇ, ਕੀਰਤਪੁਰ ਸਾਹਿਬ ਆ ਕੇ ਉਸੇ ਸਤਲੁਜ ਦੇ ਪਾਣੀ ਵਿਚ ਭਸਮ ਜਾਂ ਫੁਲ ਜਲ-ਪ੍ਰਵਾਹ ਕਰਨ ਤਾਂ ਇਸ ਦਾ ਕੀ ਲਾਭ? ਲੋਕਾਂ ਦੇ ਦਿਲਾਂ ਵਿਚ ਇਹ ਵਹਿਮ ਹੈ ਕਿ ਉਸੇ ਦਰਿਆ ਦਾ ਪਾਣੀ ਇਕ ਵਿਸ਼ੇਸ਼ ਸਥਾਨ ਤੇ ਆ ਕੇ ਵਧੇਰੇ ਪਵਿਤਰ ਤੇ ਕਰਾਮਾਤੀ ਹੋ ਜਾਂਦਾ ਹੈ, ਜੋ ਇਕ ਗ਼ਲਤ ਧਾਰਨਾ, ਭੁਲੇਖਾ ਤੇ ਸਚਾਈ ਤੋਂ ਬਿਲਕੁਲ ਉਲਟ ਹੈ। ਇਹਨਾਂ ਵਹਿਮਾਂ ਤੇ ਭੁਲੇਖਿਆਂ ਨੂੰ ਦੂਰ ਕਰਨ ਵਾਸਤੇ ਹੀ ਦਸ ਗੁਰੂ ਸਾਹਿਬਾਂ ਨੇ ਸਮੇਂ ਅਨੁਸਾਰ ਪ੍ਰਚਾਰ ਕੀਤਾ। ਸਵਾਲ ਤਾਂ ਹੈ ਮ੍ਰਿਤਕ ਪ੍ਰਾਣੀ ਦੀ ਭਸਮ ਪੈਰਾਂ ਵਿਚ ਨਾ ਪਈ ਰੁਲੇ। ਇਸ ਦੀ ਸਾਂਭ ਸੰਭਾਲ ਦਾ ਚੰਗਾ ਤਰੀਕਾ ਜਲ-ਪ੍ਰਵਾਹ ਕਰਨਾ ਹੀ ਸਮਝਿਆ, ਜੋ ਨੇੜੇ ਦੇ ਦਰਿਆ ਜਾਂ ਕਿਸੇ ਵਗਦੇ ਪਾਣੀ ਵਿਚ ਕੀਤੀ ਜਾ ਸਕਦੀ ਹੈ। ਇਸ ਨਾਲ ਮ੍ਰਿਤਕ ਆਤਮਾ ਦੀ ਕਲਿਆਣ ਹੋਣ ਜਾਂ ਨ ਹੋਣ ਨਾਲ ਕੋਈ ਸੰਬੰਧ ਨਹੀਂ। ਆਤਮਾ ਤਾਂ ਹਡੀਆਂ, ਮਾਸ ਤੇ ਨਾੜੀਆਂ ਦਾ ਪਿੰਜਰਾ ਛਡ ਕੇ ਅਲੋਪ ਹੋ ਗਈ ਅਤੇ ਅਗਾਂਹ, ਪਤਾ ਨਹੀਂ, ਉਸ ਨਾਲ ਕੀ ਵਾਪਰੀ। ਉਸ ਦਾ ਸਰੀਰਕ ਢਾਂਚੇ ਨਾਲ ਫੇਰ ਕੋਈ ਸੰਪਰਕ ਨਹੀਂ ਰਹਿੰਦਾ। ਇਹ ਭਾਵੇਂ ਜਲ-ਪ੍ਰਵਾਹ ਕਰ ਦਿਤਾ ਜਾਏ ਜਾਂ ਅੱਗਨੀ ਭੇਟ। ਉਸ ਨੂੰ ਪੰਛੀ ਚੁੰਝਾਂ ਮਾਰਨ ਜਾਂ ਜਾਨਵਰ ਧਰੀਕਣ, ਆਤਮਾ ਨੂੰ ਕੋਈ ਹਰਖ ਸੋਗ ਨਹੀਂ। ਪੰਜ-ਭੂਤਕ ਮਿਟੀ ਦਾ ਕੀ ਹੈ, ਜਿਥੇ ਮਰਜ਼ੀ ਹੋਵੇ, ਰਖੋ, ਜਾਂ ਟਿਕਾਣੇ ਲਾਓ। ਨਹਿਰ ਵਿਚ ਪਾਓ ਜਾਂ ਹਰਦਵਾਰ ਲੈ ਜਾਓ, ਕਿਸੇ ਹੋਰ ਦਰਿਆ ਵਿਚ ਪਾਓ, ਆਤਮਾ ਨੂੰ ਕੋਈ ਸੁਖ ਜਾਂ ਦੁਖ ਨਹੀਂ। ਅਸਾਂ ਲੋਕਾਂ ਦੇ ਮਨ ਦਾ ਵਹਿਮ ਹੈ, ਇਕ ਢਕੌਂਸਲਾ ਹੈ, ਹੋਰ ਕੁਝ ਨਹੀਂ।

ਸ਼੍ਰੋਮਣੀ ਗੁਰਦਵਾਰਾ ਕਮੇਟੀ ਵਲੋਂ ਪਾਸ ਕੀਤੀ ਰਹਿਤ ਮਰਯਾਦਾ ਵਿਚ ਵੀ ਸਪੱਸ਼ਟ ਲਿਖਿਆ ਹੈ—

(ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਵੇ ਤਾਂ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਕਿਸੇ ਵਗਦੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਏ ਜਾਂ ਉਥੇ ਹੀ ਦਬਾ ਕੇ ਜ਼ਿਮੀ ਬਰਾਬਰ ਕਰ ਦਿਤੀ ਜਾਏ। ਸਸਕਾਰ ਸਥਾਨ ਤੇ ਮ੍ਰਿਤਕ ਦੀ ਯਾਦਗਾਰ ਬਨਾਣੀ ਮਨ੍ਹਾ ਹੈ।

(ਖ) ਅਧ ਮਾਰਗ ਸਿਆਪਾ, ਫੂਹੜੀ, ਪਿੰਡ, ਕਿਰਿਆ, ਸ਼ਰਾਧ, ਬੁਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁਲ ਚੁਨਣੇ, ਗੰਗਾ, ਪਾਤਾਲ ਪੁਰੀ ਕਰਤਾਰ ਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ। (ਸਫ਼ਾ ੩੦)

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ



www.AKJ.Org

ਸਿੰਘ ਟੌਹੜਾ ਅਤੇ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਭੀ ਕਈ ਵਾਰ ਸਪੱਸ਼ਟ ਬਿਆਨ ਦਿਤੇ ਜਾ ਚੁਕੇ ਹਨ । ਪਰ ਇਸ ਦਾ ਕੋਈ ਅਸਰ ਨਹੀਂ ਹੋਇਆ, ਕਿਉਂਕਿ ਕਾਬਿਓਂ ਹੀ ਕੁਫ਼ਰ ਉਠਦਾ ਰਿਹਾ ਹੈ ।

ਜਦੋਂ ਸੰਤ ਫ਼ਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਸਵਰਗਵਾਸ ਹੋ ਗਏ ਤਾਂ ਉਹਨਾਂ ਦੇ ਅੰਗੀਠੇ ਦਾ ਸ਼ਹਿਰ ਸ਼ਹਿਰ ਜਲੂਸ ਕਢ ਕੇ ਕੀਰਤਪੁਰ ਸਾਹਿਬ ਲਿਜਾ ਕੇ ਹੀ ਜਲ-ਪ੍ਰਵਾਹ ਕੀਤੇ ਗਏ* । ਇਹਨਾਂ ਜਲੂਸਾਂ ਦੇ ਨਾਲ ਜਥੇਦਾਰ ਤੁੜ, ਸ: ਟੌਹੜਾ ਸਾਹਿਬ ਅਤੇ ਹੋਰ ਅਨੇਕਾਂ ਆਗੂ ਜਾਂਦੇ ਰਹੇ। ਪਰ ਕਿਸੇ ਨੇ ਕੁਝ ਨਹੀਂ ਕਿਹਾ। ਕੀ ਇਹ ਮਨਮਤ ਨਹੀਂ ਸੀ ? ਕੀ ਸ਼੍ਰੋਮਣੀ ਕਮੇਟੀ ਦੇ ਬਣਾਏ ਅਸੂਲਾਂ ਦੀ ਉਲੰਘਣਾ ਨਹੀਂ ? ਇਹ ਵੇਖ ਕੇ ਦੂਸਰੇ ਸਿਖ ਵੀ ਕਹਿੰਦੇ ਹਨ ਕਿ ਕੀਰਤਪੁਰ ਸਾਹਿਬ ਹੀ ਚਲੋ। ਉਥੇ ਜਾਣ ਤੋਂ ਬਿਨਾਂ ਮ੍ਰਿਤਕ ਦੀ ਆਤਮਕ ਕਲਿਆਣ ਨਹੀਂ ਹੋ ਸਕਦੀ। ਸਾਡੇ ਸੰਬੰਧੀ ਦੀ ਗਤੀ ਨਹੀਂ ਹੋ ਸਕੇਗੀ। ਉਹਨਾਂ ਦੇ ਦਿਲ ਵਿਚ ਇਹ ਗੱਲ ਪੂਰੀ ਤਰ੍ਹਾਂ ਘਰ ਕਰ ਚੁਕੀ ਹੈ । ਕਾਫ਼ੀ ਯਤਨ ਅਤੇ ਸਮਝਾਣ ਦੇ ਬਾਵਜੂਦ ਚੰਗੇ ਚੰਗੇ ਪੜ੍ਹੇ ਲਿਖੇ ਤੇ ਰੌਸ਼ਨ-ਦਿਮਾਗ ਲੋਕ ਭੀ ਕੀਰਤਪੁਰ ਸਾਹਿਬ ਜਾਣ ਤੋਂ ਬਿਨਾਂ ਰਹਿ ਨਹੀਂ ਸਕਦੇ। ਪਰਨਾਲਾ ਉਥੇ ਦਾ ਉਥੇ ਹੀ ਹੈ।

ਅਫਸੋਸ ਵਾਲੀ ਗੱਲ ਤਾਂ ਇਹ ਹੈ ਕਿ ਵਡੇ ਵਡੇ ਆਗੂਆਂ, ਜਿਨ੍ਹਾਂ ਨੇ ਲੋਕਾਂ ਨੂੰ ਵਹਿਮਾਂ ਤੋਂ ਬਚਾਣਾ ਹੁੰਦਾ ਹੈ, ਉਹ ਆਪ ਇਸ ਜਾਲ ਵਿਚ ਫਸੇ ਹੋਏ ਹਨ। ਪਿਛੇ ਜਿਹੇ ਜਲੰਧਰ ਦੇ ਇਕ ਰੱਜੇ ਪੁਜੇ ਅਕਾਲੀ ਆਗੂ, ਆਪਣੇ ਪਿਤਾ ਦੇ ਅੰਤਮ ਸਸਕਾਰ ਪਿਛੋਂ ਅੰਗੀਠਾ ਸਾਂਭਣ ਲਈ ਜਦੋਂ ਸ਼ਮਸ਼ਾਨ-ਘਾਟ ਗਏ ਤਾਂ ਉਹਨਾਂ ਨੇ ਉਹ ਭੇਸ ਧਾਰਨ ਕੀਤਾ ਜੋ ਹਿੰਦੂ ਕਰਦੇ ਹਨ । ਉਪਰੋਕਤ ਅਕਾਲੀ ਆਗੂ ਨੇ ਆਪਣੇ ਸਿਰ ਤੇ ਦਸਤਾਰ ਦੀ ਥਾਂ ਹਿੰਦੂਆਂ ਵਾਂਗ ਚਿਟੇ ਪਟਕੇ (ਰੁਮਾਲ) ਬੰਨ੍ਹੇ ਹੋਏ ਤੇ ਚੋਲੇ ਪਾਏ ਹੋਏ ਸਨ। ਇਹ ਇਕ ਨਵੀਂ ਪਰੰਪਰਾ ਸੀ । ਉਥੇ ਸਿੰਘ ਸਭਾਵਾਂ ਦੇ ਪ੍ਰਧਾਨ, ਸਥਾਨਕ ਸ਼ਤਾਬਦੀ ਕਮੇਟੀ ਦੇ ਪ੍ਰਧਾਨ, ਅਕਾਲੀ ਜਥੇ ਦੇ ਜਥੇਦਾਰ ਅਤੇ ਹੋਰ ਕਈ ਧਾਰਮਕ ਲੀਡਰ ਵੀ ਮੌਜੂਦ ਸਨ। ਪਰ ਕਿਸੇ ਨੇ ਉਹਨਾਂ ਨੂੰ ਨਾ ਪੁਛਿਆ, ਨਾ ਸਮਝਾਇਆ ਕਿ ਤੁਸਾਂ ਇਹ ਕੀ ਸਵਾਂਗ ਬਣਾਇਆ ਹੈ। ਇਹ ਠੀਕ ਹੈ ਕਿ ਉਹਨਾਂ ਨੇ ਸਾਰਾ ਅੰਗੀਠਾ ਸਾਂਭ ਲਿਆ, ਪਰ ਕੀਰਤਪੁਰ ਸਾਹਿਬ (ਪਾਤਾਲ ਪੁਰੀ) ਲਿਜਾ ਕੇ ਜਲ-ਪ੍ਰਵਾਹ ਕਰਨ ਦਾ ਵਹਿਮ ਕਾਇਮ ਰਿਹਾ ਤੇ ਉਥੇ ਲਿਜਾ ਕੇ ਹੀ ਉਹਨਾਂ ਦੀ ਤਸੱਲੀ ਹੋਈ।

ਮੁਸ਼ਕਲ ਇਹ ਹੈ ਕਿ ਸਾਡੇ ਵਿਚ ਕੋਈ ਧੜੱਲੇਦਾਰ ਆਗੂ ਨਹੀਂ, ਕੋਈ ਅਜਿਹੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨਹੀਂ ਜੋ ਅਜਿਹੀਆਂ ਮਨਮਤਾਂ ਨੂੰ ਮੌਕੇ ਤੇ ਹੀ ਰੋਕੇ ਅਤੇ ਮਨਮਤ ਕਰਨ ਵਾਲਿਆਂ ਨੂੰ ਸਮਝਾਏ। ਸਗੋਂ ਸਭ ਕੁਝ ਵੇਖ ਸੁਣ ਕੇ ਚੁਪ ਰਹਿੰਦੇ ਹਨ। ਕੋਈ ਲਿਹਾਜ਼ਦਾਰੀ ਨੂੰ ਤੇ ਕੋਈ ਇਸ ਖ਼ਿਆਲ ਨਾਲ ਕਿ ਸਾਨੂੰ ਕੀ ? ਇਸ 'ਸਾਨੂੰ ਕੀ' ਦਾ ਅਸਰ ਇਹ ਹੋ ਰਿਹਾ ਹੈ ਕਿ ਆਮ ਸਿਖਾਂ, ਕੀ ਅਮੀਰ ਤੇ ਕੀ ਗ਼ਰੀਬ ਘਰਾਂ ਵਿਚ ਬ੍ਰਾਹਮਣ ਰੀਤੀ ਵਧਦੀ ਜਾ ਰਹੀ ਹੈ । ਭੋਗ ਵਾਲੇ ਦਿਨ ਕ੍ਰਿਆ ਦੀ ਰਸਮਾਂ ਵਾਂਗ ਹੀ ਸਭ ਕੁਝ ਹੁੰਦਾ ਹੈ। ਫਰਕ ਕੇਵਲ ਇਹੋ ਹੈ ਕਿ ਸਿਖ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਬਦ-ਕੀਰਤਨ ਕਰ ਕੇ ਬ੍ਰਾਹਮਣ ਰੀਤੀ ਹੁੰਦੀ ਹੈ । ਮ੍ਰਿਤਕ ਪ੍ਰਾਣੀ ਨਮਿਤ ਕਪੜੇ, ਬਿਸਤਰੇ, ਬਰਤਨ, ਫ਼ਰੂਟ ਤੇ ਹੋਰ ਕਈ ਚੀਜ਼ਾਂ ਆਦਿ ਬ੍ਰਾਹਮਣ ਦੀ ਥਾਂ ਗ੍ਰੰਥੀ ਲੈ ਜਾਂਦਾ ਹੈ। ਰੀਤਾਂ ਰਸਮਾਂ ਰਿਵਾਜ ਸਭ ਬ੍ਰਾਹਮਣਾਂ ਵਾਲੇ ਹਨ, ਕੇਵਲ ਲੇਬਲ ਬਦਲੇ ਹੋਏ ਹਨ। ਅਗੇ ਬ੍ਰਾਹਮਣ ਮੰਤਰਾਂ ਦਾ ਜਾਪ ਕਰਦਾ ਸੀ, ਹੁਣ ਉਹੋ ਕੰਮ ਸਾਡੇ ਗ੍ਰੰਥੀਆਂ ਤੇ ਰਾਗੀਆਂ ਨੇ ਸੰਭਾਲ ਲਿਆ ਹੈ। ਇਹ ਲੋਕ ਗੁਰਬਾਣੀ ਦੀ ਆੜ ਵਿਚ ਆਪਣਾ 'ਬ੍ਰਾਹਮਣ ਮਤ' ਚਲਾ ਰਹੇ ਹਨ। ਇਸ 'ਨਵੇਂ ਸਿਖ ਬ੍ਰਾਹਮਣ ਵਾਦ' ਨੂੰ ਰੋਕਣ ਵਾਸਤੇ ਵਡਾ ਹੰਭਲਾ ਮਾਰਨ ਦੀ ਲੋੜ ਹੈ। ਨਹੀਂ ਤੇ ਹਾਲਤ ਹੋਰ ਵਿਗੜ ਜਾਵੇਗੀ।

---

*ਕਈ ਉਘੇ ਸੰਤ-ਮਤੀਏ ਸੰਪ੍ਰਦਾਈ ਵੀ ਇਸੇ ਮਨ-ਮਤੀ ਰਹੁ-ਰੀਤੀ ਤੇ ਅਮਲ ਕਰ ਕੇ, ਮਨਮਤੀ ਰਿਵਾਜ ਨੂੰ ਵਧਾਈ ਜਾ ਰਹੇ ਹਨ। [ਸੰਪਾਦਕ



www.AKJ.Org

# ਰਿਸ਼ਤੇ-ਨਾਤੇ

ਸਿੰਘਾਂ ਵਲੋਂ ਬੱਚਿਆਂ ਬੱਚੀਆਂ ਦੇ ਰਿਸ਼ਤਿਆਂ ਦੀ ਢੂੰਡ-ਭਾਲ ਲਈ ਪਤਰਕਾਂ ਪੁਜ ਰਹੀਆਂ ਹਨ। ਉਸ ਸੰਬੰਧ ਵਿਚ ਪੁਜੀਆਂ ਫ਼ਾਰਮਾਂ ਅਨੁਸਾਰ ਜਾਣਕਾਰੀ ਹੇਠਾਂ ਦਿਤੀ ਜਾਂਦੀ ਹੈ। ਲੋੜਵੰਦ ਸਜਣ ਯੋਗ ਰਿਸ਼ਤਿਆਂ ਬਾਰੇ ਚਿਠੀ ਪੱਤਰ ਕਰਨ ਲਈ ਫ਼ਾਰਮ ਨੰਬਰ ਮਾਰਫ਼ਤ 'ਸੂਰਾ' ਮਾਸਕ ਪੱਤਰ ਲਿਖ ਭੇਜਣ ਜੀ। ਅਸੀਂ ਆਪ ਦੇ ਉਹ ਬੰਦ ਲਫ਼ਾਫ਼ੇ ਸੰਬੰਧਤ ਸਜਣਾਂ ਨੂੰ ਭੇਜ ਦਿਆ ਕਰਾਂਗੇ।

**ਫ਼ਾਰਮ ਨੰਬਰ ੧**—ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਉਮਰ ੪੨ ਸਾਲ, ਕਦ ੫ ਫ਼ੁਟ ੪ ਇੰਚ, ਬੀ.ਐਸ.ਸੀ., ਮਾਸਕ ਆਮਦਨ ਸਾਢੇ ਚਾਰ ਸੌ ਰੁਪਏ, ਜਾਇਦਾਦ ੨੦ ਕਿਲੇ ਜ਼ਮੀਨ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਲਈ ਗੁਰਸਿਖ ਕੁਝ ਪੜ੍ਹੀ ਲਿਖੀ ਸੁਘੜ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੨**—ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਕੀਰਤਨੀਆ, ਉਮਰ ੨੭ ਸਾਲ, ਕਦ ਦਰਮਿਆਨਾ, ਬੈਂਕ ਚਪੜਾਸੀ, ਤਨਖਾਹ ੩੧੨/- ਤੇ ਬੋਨਸ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਵਾਸਤੇ ਇਕ ਨਿਤਨੇਮੀ ਤੇ ਗੁਰਸਿਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੩**—ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਕੀਰਤਨੀਆ, ਉਮਰ ੨੫ ਸਾਲ ੬ ਮਹੀਨੇ, ਕਦ ਦਰਮਿਆਨਾ, ਐਮ.ਏ. Ist part, ਬੈਂਕ ਕਲਰਕ, ਤਨਖ਼ਾਹ ੮੦੦/- ਤੇ ਬੋਨਸ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਵਾਸਤੇ ਇਕ ਗੁਰਮੁਖ ਬੀਬੀ, ਬੀ.ਐਡ. ਜਾਂ ਕੀਰਤਨ ਕਰਨ ਵਾਲੀ ਦੀ ਲੋੜ ਹੈ।

**ਫ਼ਾਰਮ ਨੰਬਰ ੪**—ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਉਮਰ ੨੩ ਸਾਲ, ਕਦ ੫ ਫ਼ੁਟ ੮ ਇੰਚ, ਐਮ.ਐਸ-ਸੀ. ਮਾਸਕ ਆਮਦਨ ੮੦੦/-, ਜਾਇਦਾਦ ੧੦੦ ਵਿਘਾ ਜ਼ਮੀਨ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਲਈ ਬੀ.ਏ. ਪਾਸ, ਨਿਤਨੇਮਣ, ਸੀਤਲ ਸੁਭਾ ਤੇ ਸੁੰਦਰ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੫**—ਇਕ ਨਿਤਨੇਮਣ ਤੇ ਸੀਤਲ-ਸੁਭਾ ਬੀਬੀ,ਉਮਰ ੨੫ ਸਾਲ ਦੇ ਕਰੀਬ,ਕਦ ੫ ਫ਼ੁਟ ੨ ਇੰਚ, ਚੰਗੀ ਸਿਹਤ, ਮੈਟਰਿਕ, ਜੇ.ਬੀ.ਟੀ. ਅਧਿਆਪਕਾ, ਘਰੇਲੂ ਕੰਮ ਵਿਚ ਨਿਪੁੰਨ, ਗੁਰਮੁਖ ਪਰਵਾਰ, ਲਈ ਗੁਰਸਿਖ ਜਟ-ਪਰਵਾਰ 'ਚੋਂ ਸਿੰਘ ਦੀ ਲੋੜ ਹੈ।

**ਫ਼ਾਰਮ ਨੰਬਰ ੬**—ਇਕ ਨਿਤਨੇਮੀ ਸਿੰਘ, ਉਮਰ ੨੩ ਸਾਲ, ਕਦ ੫ ਫੁਟ ਸਾਢੇ ਚਾਰ ਇੰਚ, ਐਮ.ਏ. ਐਕਨਾਮਿਕਸ, ਬੈਂਕ-ਕਲਰਕ, ਤਨਖ਼ਾਹ ੭੦੦/- ਲਈ ਖਤਰੀ ਜਾਂ ਅਰੋੜੇ ਸਰਦੇ ਪੁਜਦੇ ਪਰਵਾਰ ਵਿਚੋਂ ਸਿਖ ਬੱਚੀ ਦੀ ਲੋੜ ਹੈ।

**ਫ਼ਾਰਮ ਨੰਬਰ ੭**—ਇਕ ਅੰਮ੍ਰਿਤਧਾਰੀ ਬੀਬੀ, ਪੰਜ ਕਕਾਰੀ ਰਹਿਤ ਕੇਸਕੀ ਸਹਿਤ, ਉਮਰ ੧੭ ਸਾਲ, ਕਦ ਪੰਜ ਫ਼ੁਟ ਤਿੰਨ ਇੰਚ, ਮੈਟਰਿਕ ਪਾਸ, ਘਰੇਲੂ ਕਾਰ-ਵਿਹਾਰ ਤੋਂ ਨਿਪੁੰਨ, ਲਈ ਗੁਰਮੁਖ ਰਾਮਗੜ੍ਹੀਆ ਪਰਵਾਰ ਚੋਂ ਵੀਹ ਕੁ ਸਾਲ ਤਕ ਦੇ ਲੜਕੇ ਦੀ ਲੋੜ ਹੈ।

**ਫ਼ਾਰਮ ਨੰਬਰ ੮**—ਇਕ ਅੰਮ੍ਰਿਤਧਾਰੀ ਬੀਬੀ, ਪੰਜ ਕਕਾਰੀ ਰਹਿਤ ਕੇਸਕੀ ਸਹਿਤ, ਉਮਰ ੨੪ ਸਾਲ, ਕਦ ੫ ਫ਼ੁਟ ੩ ਇੰਚ, ਐਮ.ਐਸ-ਸੀ. ਲੈਕਚਰਰ, ਪੱਕੀ ਸਰਵਿਸ, ਲਈ ਜੱਟ ਸਿਖ ਪਰਵਾਰ ਵਿਚੋਂ M.Sc , Ph.D. ਜਾਂ M.B.B.S. ਗੁਰਸਿਖ ਲੜਕੇ ਦੀ ਲੋੜ ਹੈ।

**ਫ਼ਾਰਮ ਨੰਬਰ ੯**—ਇਕ ਅੰਮ੍ਰਿਤਧਾਰੀ, ਨਿਤਨੇਮੀ ਤੇ ਤਿਆਰ-ਬਰ-ਤਿਆਰ ਆਦਿ ਧਰਮੀ ਸਿੰਘ,ਕੀਰਤਨੀਆ, ਉਮਰ ੨੫ ਸਾਲ, ਕਦ ੫ ਫ਼ੁਟ ੪ ਇੰਚ, ਬੀ.ਐਸ-ਸੀ.ਬੀ.ਐਡ., ਗਿਆਨੀ, ਤਨਖ਼ਾਹ ੪੫੦ ਰੁਪਏ, ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਵਾਸਤੇ ਕੁਝ ਪੜ੍ਹੀ ਲਿਖੀ ਗੁਰਸਿਖ ਬੀਬੀ ਦੀ ਲੋੜ ਹੈ।

---

**ਗੁਰਦੁਆਰਾ ਧੌਲੀ ਪਿਆਊ ਮਥਰਾ ਵਿਖੇ ਰੈਣ-ਸਬਾਈ ਕੀਰਤਨ ਸ਼ਨੀਵਾਰ ੧੩ ਜੁਲਾਈ ੧੯੭੪ ਨੂੰ ਹੋ ਰਹੇ ਹਨ।**

ਦਾਸਰੇ—ਲਾਭ ਸਿੰਘ ਮਾਨ ਸਿੰਘ ਧੌਲੀ ਪਿਆਊ, ਮਥਰਾ

www.AKJ.Org

# 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| CPL ਸ. ਜੋਗਿੰਦਰ ਸਿੰਘ ਜੀ ਕਾਨਪੁਰ ਵਲੋਂ | ੫-੦੦ |
| ਸ: ਜੋਗਿੰਦਰ ਸਿੰਘ ਜੀ ਇੰਗਲੈਂਡ (Leicester—U. K.) ਵਲੋਂ ਪੰਜ ਪੌਂਡ | ੯੨-੭੦ |
| ਬੀਬੀ ਸੁਰਿੰਦਰਪਾਲ ਕੌਰ ਜੀ ਲੈਕਚਰਰ, ਜਲੰਧਰ ਵਲੋਂ | ੧੦-੦੦ |
| ਸ: ਮੋਹਨ ਸਿੰਘ ਜੀ ਪਿੰਡ ਕਨਾਮਾ (ਪਟਨ) ਕਸ਼ਮੀਰ ਵਲੋਂ | ੪-੦੦ |
| ਸ: ਸ਼ਮਸ਼ੇਰ ਸਿੰਘ ਜੀ, T.A.C. ਬਾਰਾਮੂਲਾ ਕਸ਼ਮੀਰ ਵਲੋਂ | ੫-੦੦ |
| ਪ੍ਰੋ: ਬੇਅੰਤ ਸਿੰਘ ਜੀ ਦਿਲੀ ਵਲੋਂ ਸ੍ਰੀ ਅਖੰਡਪਾਠ ਦੇ ਭੋਗ ਸਮੇਂ | ੧੧-੦੦ |
| ਸ: ਹਰਸੇਵ ਸਿੰਘ ਜੀ ਸੈਨੀ Air H.Q Comn. Sqdn. A.F. c/o 56 A.P.O. ਵਲੋਂ ਭੁਜੰਗੀ ਦੇ ਜਨਮ ਦੀ ਖ਼ੁਸ਼ੀ ਵਿਚ | ੨੦-੦੦ |
| ਜਸਟਿਸ ਸ: ਓਅੰਕਾਰ ਸਿੰਘ ਜੀ, ਲਖਨਊ ਵਲੋਂ | ੧੦-੦੦ |

ਸਤਿਗੁਰ ਦਾਤਾਰ ਸਭਸ ਨੂੰ ਚੜ੍ਹਦੀਆਂ ਕਲਾਂ ਤੇ ਨਾਮ ਦੀਆਂ ਦਾਤਾ ਬਖਸ਼ਣ ।

ਦਾਸ—ਮੈਨੇਜਰ 'ਸੂਰਾ', ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

# ਬੁਤਾਲਾ (ਅੰਮ੍ਰਿਤਸਰ) ਵਿਖੇ ਕੀਰਤਨ ਰੈਣ-ਸਬਾਈ

ਗੁਰਸਿਖ ਸੰਗਤਾਂ ਪਾਸ ਸਨਿਮਰ ਬੇਨਤੀ ਹੈ ਕਿ ਪਿੰਡ ਬੁਤਾਲਾ ਦੇ ਇਤਿਹਾਸਕ ਗੁਰਦਵਾਰਾ ਪਾਤਸ਼ਾਹੀ ਛੇਵੀਂ ਵਿਖੇ ੬ ਜੁਲਾਈ ੧੯੭੪ ਸ਼ਨੀਵਾਰ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ । ਇਲਾਕੇ ਭਰ ਵਿਚੋਂ ਕੀਰਤਨੀ ਸਿੰਘ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ । ਸਮੂੰਹ ਮਾਈ ਭਾਈ ਆਇ ਦੀਦਾਰ ਬਖ਼ਸ਼ੋ ਜੀ ।

ਪੁਛ ਗਿਛ ਲਈ— ਦਾਸਰੇ—ਸੰਗਤ ਬੁਤਾਲਾ

ਗਿਆਨੀ ਨਿਰੰਜਨ ਸਿੰਘ ਜੀ ਕਪੜੇ ਵਾਲੇ, ਬੁਤਾਲਾ ।

ਜਲੰਧਰ ਤੋਂ ਵਟਾਲੇ ਵਾਲੀ ਸੜਕ ਤੇ ਸਠਿਆਲਾ ਕਾਲਜ ਹੈ, ਉਥੋਂ ਤਿੰਨ ਮੀਲ ਬੁਤਾਲਾ ।

# ਅਖੰਡ ਕੀਰਤਨੀ ਜੱਥਾ ਜਲੰਧਰ ਵਲੋਂ ਜੁਲਾਈ ੧੯੭੪ ਦੇ ਪ੍ਰੋਗਰਾਮ

੬ ਜੁਲਾਈ ਸ਼ਨੀਵਾਰ ਰੈਣ-ਸਬਾਈ ਕੀਰਤਨ ਪਿੰਡ ਗਿਲਾਂ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ । ਸੰਗਤਾਂ ਲਈ ਰਾਮਾ ਮੰਡੀ ਤੋਂ ੬॥ ਵਜੇ ਸ਼ਾਮ ਅਤੇ ਭਗਤ ਸਿੰਘ ਚੌਕ ਜਲੰਧਰ ਸ਼ਹਿਰ ਤੋਂ ੭ ਵਜੇ ਸ਼ਾਮ ਟਰੱਕ ਚਲੇਗਾ ।

੧੪ ਜੁਲਾਈ ਐਤਵਾਰ ਸਵੇਰੇ ੫ ਤੋਂ ੯॥ ਤਕ ਅਖੰਡ ਕੀਰਤਨ, ਸ਼ਕਤੀ ਨਗਰ, ਜਲੰਧਰ ਸ਼ਹਿਰ

੨੧ ਜੁਲਾਈ ਐਤਵਾਰ ਸਵੇਰੇ ੫ ਤੋਂ ੯॥ ਤਕ ਅਖੰਡ ਕੀਰਤਨ, ਮਕਾਨ ਨੰ: ੬੯ (ਮਾਸਟਰ ਅਰੂੜ ਸਿੰਘ), ਗਲੀ ਜੰਵ-ਘਰ, ਆਦਰਸ਼ ਨਗਰ, ਜਲੰਧਰ

੨੭ ਜੁਲਾਈ ਸ਼ਨੀਵਾਰ ਰੈਣ-ਸਬਾਈ ਪਿੰਡ ਬਿਧੀਪੁਰ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ । ਸੰਗਤਾਂ ਲਈ ਰਾਮਾ ਮੰਡੀ ਤੋਂ ੬॥ ਵਜੇ ਸ਼ਾਮ ਅਤੇ ਭਗਤ ਸਿੰਘ ਚੌਕ ਜਲੰਧਰ ਸ਼ਹਿਰ ਤੋਂ ੭ ਵਜੇ ਸ਼ਾਮ ਟਰੱਕ ਚਲੇਗਾ ।

# ਪਿੰਡ ਗਿਲ (ਜਲੰਧਰ) ਵਿਖੇ ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ

ਗਿਲ ਪਿੰਡ ਵਿਖੇ ੬ ਜੁਲਾਈ ੧੯੭੪ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਸਮਾਗਮ ਹੋ ਰਹੇ ਹਨ । ਪੰਜਾਬ ਭਰ ਦੇ ਦੂਰੋਂ ਨੇੜਿਓਂ ਸ਼ਹਿਰਾਂ ਤੇ ਨਗਰਾਂ ਤੋਂ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰ ਰਹੇ ਹਨ । ੬ ਜੁਲਾਈ ਸ਼ਾਮ ਦੇ ਸਤ ਵਜੇ ਜਲੰਧਰ ਨਵੇਂ ਅਡੇ ਤੋਂ ਸੰਗਤਾਂ ਵਾਸਤੇ ਟਰਾਲੀ ਤਿਆਰ ਹੋਵੇਗੀ ।

ਦਾਸਰੇ—ਸੰਗਤ ਗਿਲ



www.AKJ.Org

# ਏਕੁ ਪਿਤਾ ਏਕਸ ਕੇ ਹਮ ਬਾਰਿਕ

ਵਾਹਿਗੁਰੂ ਸਾਡਾ ਸੱਚਾ ਪਿਤਾ ਹੈ ਤੇ ਅਸੀਂ ਸਾਰੇ ਉਸ ਦੇ ਬਾਲਕ। ਅਸਾਂ ਪ੍ਰਭੂ-ਪਿਤਾ ਪਾਸ ਇਉਂ ਪ੍ਰੇਮ-ਮਈ ਬੇਨਤੀਆਂ ਕਰਨੀਆਂ ਹਨ —

ਪ੍ਰਭੂ-ਪਿਤਾ ਜੀ ! ਤੁਸੀਂ ਬਹੁਤ ਵਡੇ ਹੋ, ਤੇਰਾ ਦਰਬਾਰ ਬਹੁਤ ਉੱਚਾ ਹੈ, ਤੁਸੀਂ ਬੇਅੰਤ ਹੋ ਅਤੇ ਤੁਹਾਡੇ ਜਿਹਾ ਹੋਰ ਕੋਈ ਨਹੀਂ।

ਪਿਤਾ ਜੀ, ਤੁਸੀਂ ਮਿਠਬੋਲੇ ਹੋ, ਅੰਮ੍ਰਿਤ ਦੇ ਘੁੱਟਾਂ ਵਾਂਗ ਮਿੱਠੇ। ਤੁਹਾਨੂੰ ਕੌੜਾ ਬੋਲਣ ਦੀ ਜਾਚ ਹੀ ਨਹੀਂ। ਤੁਸੀਂ ਸਾਡੇ ਔਗੁਣ ਵੇਖ ਕੇ ਵੀ ਬੇਅੰਤ ਦਾਤਾਂ ਦੇਈ ਜਾਂਦੇ ਹੋ।

ਬਖ਼ਸ਼ਿੰਦ ਪਿਤਾ ਜੀ, ਅਸੀਂ ਬਾਲਕ ਅੰਞਾਣੇ ਹਾਂ, ਬੇਸਮਝ ਹਾਂ, ਚੰਚਲ ਹਾਂ, ਸੱਪ ਤੇ ਅੱਗ ਦੀ ਪਛਾਣ ਨਹੀਂ, ਨੀਵੇਂ ਹਾਂ, ਅਸੀਂ ਲੋਭੀ ਤੁਹਾਥੋਂ ਦਾਤਾਂ ਲੈ ਲੈ ਕੇ ਵੀ ਭੁਲ ਭੁਲ ਜਾਂਦੇ ਹਾਂ।

ਕਿਰਪਾਲੂ ਪਿਤਾ ਜੀ, ਤੁਸੀਂ ਚੰਗੇ ਹੋ ਅਸੀਂ ਮੰਦੇ, ਤੁਸੀਂ ਗੁਣਾਂ ਵਾਲੇ ਹੋ ਅਸੀਂ ਔਗੁਣਿਆਰੇ, ਤੁਸੀਂ ਨਿਰਮਲ ਹੋ ਅਸੀਂ ਮੈਲ, ਤੁਸੀਂ ਸਦਾ ਭਲਿਆਈਆਂ ਕਰਦੇ ਹੋ ਪਰ ਅਸੀਂ ਤੁਹਾਡੀਆਂ ਭਲਿਆਈਆਂ ਨੂੰ ਜਾਣਦੇ ਨਹੀਂ। ਹੇ ਦਿਆਲੂ ਪਿਤਾ ਜੀ ! ਅਸੀਂ ਖੋਟੇ ਹਾਂ, ਦਿਸਣ ਨੂੰ ਤਾਂ ਅਸੀਂ ਚੰਗੇ ਹਾਂ ਪਰ ਅਮਲ ਸਾਡੇ ਬੁਰੇ ਹਨ। ਪਿਤਾ ਜੀ, ਅਸੀਂ ਲਖਾਂ ਅਪਰਾਧ ਕਮਾਂਦੇ ਹਾਂ, ਪਰ ਤੁਸੀ ਝਿੜਕ-ਝੰਬ ਕੇ ਫਿਰ ਗਲ ਲਾ ਲੈਂਦੇ ਹੋ।

ਮਿਹਰਵਾਨ ਪਿਤਾ ਜੀਉ, ਤੁਸੀਂ ਹੀ ਮੇਰੇ ਮਾਤ-ਪਿਤਾ, ਮੇਰੇ ਸਖਾ-ਸਹਾਈ, ਮੇਰੀ ਜਿੰਦ-ਜਾਨ ਤੇ ਮੇਰੇ ਰਖਵਾਲੇ ਹੋ। ਤੁਸੀਂ ਮੇਰੀਆਂ ਭੁਲਾਂ ਨਾ ਤੱਕੋ, ਮੂਰਖ ਬੱਚੇ ਦੀਆਂ ਭੁਲਾਂ ਸਦਾ ਮਾਫ਼ ਕਰ ਦਿਓ ਅਤੇ ਮੈਂ ਅੰਞਾਣ ਨੂੰ ਸਦਾ ਮਤ ਦਿਓ। ਸੁਹਣੇ ਦਾਤਾ ਜੀਉ, ਤੁਹਾਡੇ ਬਿਨਾਂ ਮੇਰਾ ਹੋਰ ਕੌਣ ਹੈ !

ਰਖਵਾਲੇ ਪਿਤਾ ਜੀਉ, ਜੇ ਤੁਸੀਂ ਮੇਰੇ ਵਲ ਹੋਵੋ ਤਾਂ ਮੈਨੂੰ ਕਿਸੇ ਗੱਲ ਦੀ ਕਮੀ ਨਹੀਂ, ਮੈਨੂੰ ਕੋਈ ਦੁਖ ਨਹੀਂ, ਮੇਰਾ ਕੋਈ ਵੈਰੀ ਨਹੀਂ, ਸਗੋਂ ਤੁਹਾਡੇ ਪਿਆਰ ਕਰਕੇ ਮੈਂ ਸਦਾ ਸੁਖੀ ਹਾਂ।

ਬਖ਼ਸ਼ਿੰਦ ਪਿਤਾ ਜੀਉ, ਮੈਨੂੰ ਨਿਡਰਤਾ ਬਖ਼ਸ਼, ਸੂਰਬੀਰਤਾ ਬਖ਼ਸ਼, ਨੇਕੀ ਬਖ਼ਸ਼, ਨੇਕ ਬੰਦਿਆਂ ਦੀ ਸੰਗਤ ਬਖ਼ਸ਼, ਨਿੰਮਰਤਾ ਬਖ਼ਸ਼, ਪਾਣੀ ਢੋਣ ਤੇ ਪੱਖਾ ਝਲਣ ਦੀ ਸੇਵਾ ਬਖ਼ਸ਼, ਆਪਣੀ ਮਿਠੀ ਮਿਠੀ ਯਾਦ ਬਖ਼ਸ਼ ਅਤੇ ਹਰ ਦਮ ਮੇਰੇ ਅੰਦਰ ਵਸ ਕੇ ਮੇਰੀ ਅਗਵਾਈ ਕਰ।

ਮੇਰੀ ਬੇਨਤੀ ਹੈ ਪਿਤਾ ਜੀ, ਤੁਸੀਂ ਮੈਨੂੰ ਮਿਲੋ, ਤੇਰੇ ਬਿਨਾਂ ਇਹ ਜੀਵਨ ਕੁਝ ਨਹੀਂ। ਮੇਰੇ ਸੁਹਣੇ ਲਾਲਨ ਜੀਉ, ਮੈਂ ਤੈਥੋਂ ਵਿਛੜਿਆ ਹੋਇਆ ਹਾਂ। ਸਤਿਗੁਰੂ ਜੀ, ਮੈਂ ਵਿਛੜੇ ਹੋਏ ਨੂੰ ਮਿਲਾ ਲਓ। ਅੰਮ੍ਰਿਤ-ਨਾਮ ਪੀਣ ਦੀ ਜਾਚ ਦਸੋ ਤਾਂ ਜੁ ਮੇਰੀਆਂ ਭੁੱਖਾਂ ਮਿਟਣ। ਧਨ-ਪਦਾਰਥ ਤੇ ਰੂਪ-ਰੰਗ ਵਿਚ ਹਰਿ-ਨਾਮ ਨਾਲ ਪ੍ਰੀਤ ਬਣੇ ਤੇ ਬਾਕੀ ਸਭ ਸੁਆਦ ਫਿਕੇ ਫਿਕੇ ਜਾਪਣ।

ਮੇਰੇ ਸਾਹਿਬ ਪਿਤਾ ਜੀਉ, ਤੁਸੀਂ ਹਰ ਮੁਸ਼ਕਲ ਵਿਚ ਮੇਰੇ ਸਹਾਈ ਬਣੋ। ਮੇਰੇ ਗੋਬਿੰਦ ਜੀਉ, ਤੇਰਾ ਨਾਮ ਹੀ ਸਭ ਦੁਖਾਂ ਦਾ ਦਾਰੂ ਹੈ। ਤਾਂ ਤੇ —

ਮਨ ਤਨ ਅੰਤਰਿ ਵਸੁ, ਦੂਖਾ ਨਾਸ ਹੋਇ ॥
ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ ॥

ਸਤਿਗੁਰੂ ਪਿਤਾ ਮਿਹਰ ਕਰਨ, ਇਹ ਬੇਨਤੀਆਂ ਸਾਡੇ ਅੰਦਰ ਵਸਣ ਅਤੇ ਅਸੀਂ ਜੀਵਨ ਨੂੰ ਸਹੀ ਰਾਹ ਤੇ ਤੋਰ ਸਕੀਏ।

'ਪ੍ਰੇਮ-ਮਈ ਬੇਨਤੀ'

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਆਤਮ-ਰੰਗਾਂ ਅਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦੇ ਦਰਸ਼ਨ ਕਰਨ ਲਈ ਅਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮਿਆਂ ਵਾਲੇ ਤਜਰਬੇ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਹੇਠ ਲਿਖੀਆਂ ਪੁਸਤਕਾਂ ਪੜ੍ਹੋ :—

Autobiography of Bhai Sahib Randhir Singh ji
Translated by Dr. Trilochan Singh 20-00

| | | | |
|---|---|---|---|
| ਜੇਲ੍ਹ ਚਿਠੀਆਂ | 7-00 | ਗੁਰਮਤਿ ਸਚ ਨਿਰਣੇ | 6-00 |
| ਰੰਗਲੇ ਸਜਣ | 3-50 | ਸੰਤ ਪਦ ਨਿਰਣੇ | 3-00 |
| ਗੁਰਮਤਿ ਗੌਰਵਤਾ | 7-00 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | 3-00 | ਗੁਰਮਤਿ ਨਾਮ ਅਭਿਆਸ ਕਮਾਈ | 4-00 |
| ਚਰਨ ਕਮਲ ਕੀ ਮਉਜ | 0-90 | ਦਰਸ਼ਨ ਝਲਕਾਂ | 2-50 |
| ਅੰਮ੍ਰਿਤ ਕਲਾ | 0-55 | ਸਚਖੰਡ ਦਰਸ਼ਨ | 1-00 |
| ਬਾਬਾ ਵੈਦ ਰੋਗੀਆਂ ਦਾ | 0-20 | ਸ਼ੰਕਿਆਂ ਦੇ ਉਤਰ | 0-50 |
| ਆਸਤਕ ਨਾਸਤਕ | 0-25 | ਸਿਖ ਕੌਣ ਹੈ | 0-15 |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | 0-10 | ਸਚੀਆਂ ਦਾੜ੍ਹੀਆਂ | 0-20 |
| ਵਾਹਿਗੁਰੂ ਸਿਮਰਨ | 0-20 | ਅਕਾਲ ਪੁਰਖ ਦੇ ਪਰਤਖ ਦਰਸ਼ਨ | 0-20 |
| ਕੀਰਤਨੀ ਜੱਥੇ ਦੀ ਦਾਸਤਾਨ | 0-30 | ਸਿਖੀ ਸਿਦਕ | 0-20 |

## ਛਪਣ ਵਾਲੀਆਂ ਪੁਸਤਕਾਂ

| | |
|---|---|
| ਗੁਰਮਤਿ ਬਿਬੇਕ | ਗੁਰਮਤਿ ਕਰਮ ਫਿਲਾਸਫ਼ੀ |
| ਕਥਾ ਕੀਰਤਨ | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ |
| ਗੁਰਮਤਿ ਪ੍ਰਕਾਸ਼ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ? |
| ਜੋਤਿ ਵਿਗਾਸ | ਅਣਡਿਠੀ ਦੁਨੀਆ |
| ਗੁਰਮਤਿ ਲੇਖ | ਨਾਮ ਦਾ ਦਾਤਾ ਸਤਿਗੁਰੂ |
| ਗੁਰਮਤਿ ਵਿਚਾਰ | ਨਾਮ ਸਬੰਧੀ ਵਿਚਾਰ |
| ਅੰਮ੍ਰਿਤ ਕੀ ਹੈ | ਉਮਰ ਕੈਦੀ ਦਾ ਸੁਪਨਾ |
| ਗਿਆਨ ਚਾਨਣਾ | ਹਉਮੈ ਨਾਵੈ ਨਾਲ ਵਿਰੋਧ ਹੈ |
| ਗੁਰਮਤਿ ਰਮਜ਼ਾਂ | ਕੋ ਵਿਰਲਾ ਗੁਰਮਤਿ ਚਲੇ ਜੀਉ |
| ਸਿੰਘਾਂ ਦਾ ਪੰਥ ਨਿਰਾਲਾ | |

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

ਪੁਸਤਕਾਂ ਮੰਗਾਣ ਦਾ ਪਤਾ :—

ਭਾ: ਸਾਹਿਬ ਰਣਧੀਰਸਿੰਘ ਪਬਲਿਸ਼ਿੰਗ ਹਾਊਸ, ੧੨੬-ਮਾਡਲ ਟਾਊਨ, ਲੁਧਿਆਣਾ

ਜਾਂ

ਮੈਨੇਜਰ 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ

www.AKJ.org